Regd NO. D 339/57. Regd NO.P/9.

੧ ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ !!

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪ ਕਹਾਊਂ ।

# ਸਤਿਜੁਗ

ਦਾ

## ਬਸੰਤ-ਅੰਕ

ਪ੍ਰਕਾਸ਼ਕ—

ਮੈਨੇਜਰ 'ਸਤਿਜੁਗ'

ਸ੍ਰੀ ਜੀਵਨ ਨਗਰ

ਐਡੀਟਰ:- ਗੁਰਦਿਆਲ ਸਿੰਘ

Namdhari Elibrary NamdhariElibrary@gmail.com

# ਪ੍ਰੀਤਮ ਦੀਆਂ ਯਾਦਾਂ

[ਸ੍ਰੀ ਬਲਬੀਰ ਸਿੰਘ ਜੀ ਢਿਲੋਂ

ਮੈਂ ਕੌਣ ਹਾਂ ਕਿਥੇ ਜਾਣਾ ਏ, ਨਾ ਪੁਛੋ ਮੇਰੇ ਹਮ ਰਾਹੀਓ।
ਜਿਸ ਬੁਤ ਦੇ ਤੁਸੀਂ ਉਪਾਸ਼ਕ ਜੇ, ਓਸੇ ਦਾ ਮੈਂ ਪੁਜਾਰੀ ਹਾਂ।
ਜੇ ਸਭ ਕੁਝ ਤੁਹਾਨੂੰ ਦਸਿਆ ਮੈਂ, ਤੁਸੀਂ ਮੈਂਨੂੰ ਪਾਗਲ ਆਖੋਗੇ।
ਜਿਨੂੰ ਹਰ ਕੋਈ ਦੁਖੀਆ ਦਿਸਦਾਏ, ਮੈਂ ਉਹ ਇਕ ਜਿੰਦ ਦੁਖਿਆਰੀ ਹਾਂ।
ਦੁਨੀਆਂ ਦੇ ਕੋਨੇ ਕੋਨੇ ਤੇ, ਜਾ ਦਰ ਦਰ ਅਲਖ ਜਗਾਈ ਮੈਂ।
ਜਿਨੂੰ ਖੈਰ ਕਿਤੋਂ ਵੀ ਨਹੀਂ ਮਿਲਿਆ, ਮੈਂ ਉਹ ਬਦ-ਕਰਮ ਭਿਖਾਰੀ ਹਾਂ।
ਵਸਲਾਂ ਦੇ ਪਲੰਘ ਰੰਗੀਲੇ ਤੇ, ਇਕ ਵਾਰ ਕੋਈ ਮੈਂਨੂੰ ਬਿਠਾ ਦੇਵੇ।
ਇਸ ਬਦਲੇ ਜਿੰਦੜੀ ਲੈ ਲਏ ਜੇ, ਤਾਂ ਵੀ ਮੈਂ ਸ਼ੁਕਰ ਗੁਜ਼ਾਰੀ ਹਾਂ।
ਸਹਿ ਸਹਿ ਕੇ ਭਾਂਬੜ ਹੌਕਿਆਂ ਦੇ, ਕੋਈ ਕੱਦ ਤੱਕ ਜ਼ਿੰਦਾ ਰਹਿ ਸਕਦੈ।
ਫੁਲਾਂ ਤੋਂ ਨਾਜ਼ਕ ਜਿੰਦੜੀ ਨੂੰ, ਇਕ ਦਿਨ ਇਹ ਬ੍ਰਿਹਾ ਕੋਹ ਲੈਸੀ।
ਜੋ ਠਿਲਦੇ ਕਚਿਆਂ ਘੜਿਆਂ ਤੇ, ਅਸਾਂ ਸੁਣਿਐ ਜਿੰਦੜੀ ਖੋਹ ਬਹਿੰਦੇ।
ਜਿਦ੍ਹੀਆਂ ਅਖੀਆਂ ਸਾਵਣ ਬਣੀਆਂ ਨੇ, ਇਕ ਦਿਨ ਉਹ ਅਖੀਆਂ ਖੋਹ ਬਹਿਸੀ।
ਬ੍ਰਿਹਨ ਨੇ ਪਿਆਲਾ ਜ਼ਹਿਰਾਂ ਦਾ, ਇਹ ਸੋਚ ਕੇ ਬੁਲੀ ਲਾ ਲੀਤਾ।
ਜੇ ਵਸਲ ਕਿਨਾਰਾ ਮਿਲਿਆ ਨਾ, ਜਿੰਦ ਤਾਂ ਕਿਨਾਰੇ ਹੋ ਬਹਿਸੀ।
ਜਿਹਦੀ ਉਮਰ ਵਿਛੋੜੇ 'ਚ ਲੰਘ ਜਾਵੇ, ਉਹਨੂੰ ਧਰਮਰਾਜ ਨੇ ਕਹਿਣਾ ਕੀ।
ਤਕ ਕਾਗਜ਼ ਉਸ ਦੇ ਲੇਖਾਂ ਦਾ, ਉਹ ਵੀ ਵਿਚਾਰਾ ਰੋ ਪੈਸੀ।
ਮੇਰੇ ਅੰਦਰ ਪੀੜਾਂ ਪਲਦੀਆਂ ਨੇ, ਇਕ ਸੱਜਰੀ ਇਕ ਪੁਰਾਣੀ ਏਂ।
ਇਹ ਗੱਲ ਨਹੀਂ ਮੇਰੇ ਵੱਸ ਕੋਈ, ਅਜ਼ਲਾਂ ਤੋਂ ਲਿਖੀਆਂ ਆਈਆਂ ਨੇ।
ਹੈ ਲਹੂ ਵਿਚ ਭਿਜਿਆ ਦਿਲ ਮੇਰਾ, ਨਾ ਇਸ ਨੂੰ ਫੋਲ ਕੇ ਤੱਕਿਓ ਜੇ।
ਇਸ ਦਿਲ ਦੇ ਸ਼ੀਸ਼ ਮਹੱਲਾਂ 'ਚ ਅਸਾਂ ਪੀੜਾਂ ਡੇਰੇ ਪਾਈਆ ਨੇ।
ਹੈ ਯਾਦ ਦਲ੍ਹੀਜਾਂ ਵਿਚ ਬੈਠੀ, ਰਾਹ ਤਕਦੀ ਔਸੀਆਂ ਪੌਂਦੀ ਏ।
ਸੱਚ ਦਸੋ ਪੁਛਦੀ ਔਂਸੀਆਂ ਨੂੰ, ਕਦੋਂ ਮੁਕਣੀਆਂ ਇਹ ਜੁਦਾਈਆਂ ਨੇ।
ਕਦੋਂ ਔਣੈ ਚੀਨੀ ਵਾਲੇ ਨੇ, ਉਸ ਕੀ ਕੁਝ ਸਾਨੂੰ ਲਿਖਿਆ ਏ।
ਕਦੇ ਚਿਠੀਆਂ ਫੋਲਣ ਬਹਿ ਜਾਂਦੀ, ਪ੍ਰਦੇਸ ਵਿਚੋਂ ਜੋ ਆਈਆਂ ਨੇ।
ਅਗੇ ਰੋਂਦੇ ਸਾਂ ਇਕ ਪ੍ਰਦੇਸੀ ਨੂੰ, ਹੁਣ ਰੋਂਦੇ ਹਾਂ ਅਪਣੇ ਕਰਮਾਂ ਨੂੰ।
ਅਗੇ ਇਕ ਪੀੜਾ ਨੂੰ ਜਰਦੇ ਸਾਂ, ਹੁਣ ਹੋ ਗਈਆਂ ਪੀੜਾਂ ਘਣੀਆਂ ਨੇ।
ਅਜ ਰੁਤ ਬਸੰਤੀ ਆਈ ਏ, ਆਇਆ ਪਰ ਚੀਨੀ ਵਾਲਾ ਨਹੀਂ।
ਅਜ ਦਿਲ ਵੀ ਸਾਵਣ ਬਣਿਆਏ, ਅਖੀਆਂ ਵੀ ਸਾਵਣ ਬਣੀਆ ਨੇ।

---

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ ਪ੍ਰਿੰਟਰ ਤੇ
ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ(ਹਿਸਾਰ)
ਵਿਚੋਂ ਪ੍ਰਕਾਸ਼ਤ ਹੋਇਆ, ਨਾਮਧਾਰੀ ਪੰਥ ਵਾਸਤੇ। ਐਡੀਟਰ–ਗੁਰਦਿਆਲ ਸਿੰਘ

Namdhari Elibrary NamdhariElibrary@gmail.com

੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰੁਵਾਂ ਬਪ ਕਹਾਊਂ

# ਸਤਿਜੁਗ

ਜਿ:] ੩੮
ਨੰ:] ੧

ਸ੍ਰੀ ਜੀਵਨ ਨਗਰ

੧੮ ਮਾਘ ਵੀਰਵਾਰ ੨੦੧੯ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੮ ੩੧ ਜਨਵਰੀ ੧੯੬੩

# ਧਰਮ ਰਖਿਅਕ, ਸਤਿਗੁਰੂ ਰਾਮ ਸਿੰਘ!

ਅੱਜ ਤੋਂ ੧੦੫ ਸਾਲ ਪਹਿਲਾਂ, ਸ੍ਰੀ ਭੈਣੀ ਸਾਹਬ ਦੀ ਪਾਵਨ ਧਰਤੀ ਉਤੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਇਕ ਅਜੇਹਾ ਸਫੈਦ ਝੰਡਾ ਚਮ ਲਹਿਰਾਇਆ ਗਿਆ, ਜਿਸਦੀ ਫਰਫਰਾਹਟ ਨਾਲ ਭਾਰਤੀ ਜੀਵਨ ਵਿੱਚ ਇਕ ਇਨਕਲਾਬੀ ਰਉਂ ਵੱਗਣ ਲਗੀ। ਇਹ ਸਫੈਦ ਝੰਡਾ ਵਿਸ਼ਿਆਂ ਵਿਕਾਰਾਂ ਵਿਚ ਝੁਲਸੀਂਦੇ ਲੋਕਾਂ ਨੂੰ ਚੰਨ-ਚਾਨਣੀ ਦੀ ਠੰਢਕ ਦਾ ਰਾਹ ਵਖਾਂਦਾ ਸੀ, ਇਹ ਗੁਲਾਮ ਭਾਰਤ ਦੀਆਂ ਜੰਜੀਰਾਂ ਨੂੰ ਮਿਲਵੇਂ ਇਕੋ ਹੁਝੋਕੇ ਲਾਲ ਤੋੜ ਦੇਣ ਦੀ ਪ੍ਰੇਰਨਾ ਕਰਦਾ ਸੀ, ਇਹ ਸਮਾਜ ਦੇ ਦੱਬੇ ਕੁਚਲੇ ਭਾਈ ਚਾਰੇ ਅਤੇ ਲੋਕਾਂ ਨੂੰ ਗੌਰਵ ਨਾਲ ਧੌਣ ਚੁਕ ਕੇ ਖਲੋਣ ਲਈ ਲਲਕਰਦਾ ਸੀ।

ਸਤਿਗੁਰੂ ਰਾਮ ਸਿੰਘ ਜੀ ਪਰਗਟ ਹੋਏ। ਉਨ੍ਹਾਂ ਦੇ ਮ੍ਰਿਦੁਲ ਮੁਖ ਤੇ ਉਤਵੇਂ ਸੀਸ ਦੁਆਲੇ ਇਕ ਧਰਮ-ਚੱਕਰ ਚਲ ਰਿਹਾ ਸੀ। ਜਿਸਦੀਆਂ ਦੇਵ ਰਿਸ਼ੀ ਨਾਰਦ ਦੇ ਕਹਿਣ ਅਨੁ-ਸਾਰ ੩੦ ਪ੍ਰਚੰਡ ਕਿਰਨਾਂ ਦੁਨੀਆਂ ਨੂੰ ਜਗਮਗਾਣ ਲਈ ਵਾਹੋ ਦਾਹੀ ਨਿਕਾਸ ਹਾਸਲ ਕਰ ਰਹੀਆਂ ਸਨ, ਅਤੇ ਮਨੂੰ ਦੇ ਵਿਚਾਰ ਮੁਤਾਬਕ ਉਹ ਦਸਾ ਰਸ਼ਮੀਆਂ ਸਨ ਜਿਨ੍ਹਾਂ ਚੋਂ ਹਰ ਵਕਤ ਹੀ ਸੈਂਕੜੇ ਹਜ਼ਾਰਾਂ ਗੁਣਾਂ ਦੇ ਪਸਾਰੇ ਤਕੇ ਜਾ ਸਕਦੇ ਸਨ। ਸਤਿਗੁਰੂ ਰਾਮ ਸਿੰਘ ਜੀ ਜਿਥੇ "ਜੁਗਾ ਜੁਗੰਤਰ ਸਤਿਗੁਰੂ" ਦੇ ਆਦਰਸ਼ ਨੂੰ ਪੂਰਨ ਲਈ ਬਾਰਵੇਂ ਸਤਿਗੁਰੂ ਸਨ ਓਥੇ ਦੇਸ਼ ਦੀ ਬਹੁ ਅੰਗੀ ਕਲਿ-ਆਨ ਨੂੰ ਮੁਖ ਰਖਣ ਵਾਲੇ ਜੁਗਤੀਲੇ ਰੱਬੀ ਡਾਕ-ਟਰ ਸਨ।

ਅੱਜ ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਧਰਮ ਚਕਰ ਤੇ ਕੁਛ ਵਿਚਾਰ ਚਰਨੀ ਚਾਂਹਦੇ ਹਾਂ।

ਸ੍ਰੀ ਸਤਿਗੁਰੂ ਰਾਮ ਸਿੰਘ ਪ੍ਰਾਚੀਨ ਭਾਰਤ ਦੀ ਸਭਿਅਤਾ ਅਤੇ ਧਰਮ ਦੇ ਰਖਵਾਲੇ ਸਨ। ਉਨ੍ਹਾਂ ਨੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਬਾਨੀ ਵਿਚ ਧਰਮ ਨੂੰ ਓਤ ਪ੍ਰੋਤ ਹੋਏ ਵੇਖਿਆ ਅਤੇ ਵੇਖਿਆ ਕਿ ਗੁਰਬਾਣੀ ਨੇ ਤੇ ਸਿਖ ਧਰਮ ਦੇ ਪਰਵਰਤਕਾਂ ਨੇ ਜਿਸ ਧਰਮ ਨੂੰ ਪ੍ਰਤੀਪਾਦ ਕੀਤਾ ਹੈ ਉਹ ਵਿਸ਼ਵ-ਧਰਮ ਦਾ ਸਥਾਨ ਲੈ ਸਕਦਾ ਹੈ। ਸਤਿਗੁਰੂ ਜੀ ਨੇ ਧਰਮ ਨੂੰ ਵੇਦਾਂ ਪੁਰਾਣਾਂ ਤੇ ਧਰਮ ਗ੍ਰੰਥਾਂ ਚੋਂ ਕਢਕੇ ਮਾਂਜ ਲਿਸ਼ਕਾਕੇ, ਭਾਰਤੀ ਲੋਕਾਂ ਦੇ ਸੌਂਹੇ ਲਿਆਂਦਾ ਅਤੇ ਧਰਮ ਛੱਤਰ ਨੂੰ

Namdhari Elibrary NamdhariElibrary@gmail.com

ਪੰਜਾਬੀਆਂ ਦੇ ਸਿਰਤੇ ਪਹਿਲ ਪ੍ਰਿਥਮੇ ਸਜਾਇਆ,

ਧਰਮ ਕੀ ਹੈ! ਧਾਰਨ ਕਰਨਾ ਉਨਾਂ ਨਿਯਮਾਂ ਦਾ ਜਿਨ੍ਹਾਂ ਕਾਰਨ ਸੰਸਾਰ ਵਿਚ ਪਰਸਪਰ ਸੁਹਿਰਦਤਾ ਨਾਲ ਜੀਵਿਆ ਜਾ ਸਕੇ। ਵਖ ਵਖ ਮਜ਼ਬਾਂ ਦੀ ਖੋਜ ਪੜਤਾਲ ਤੋਂ ਅਸੀਂ ਏਸੇ ਸਿਟੇ ਤੇ ਪਹੁੰਚ ਸਕਦੇ ਹਾਂ ਕਿ 'ਮਜ਼ੁਬ ਨਹੀਂ ਸਿਖਾਤਾ ਆਪਸ ਮੈਂ ਬੈਰ ਰਖਨਾ।"

(ਇਨਕਲਾਬ)

ਸੰਤ ਵਿਨੋਬਾ ਕਹਿੰਦੇ ਹਨ:- ਮਨ ਦੀਆਂ ਅਨੰਤ ਬਿਰਤੀਆਂ ਹੋਣ ਕਾਰਨ ਸੰਸਾਰ ਵਿਚ ਵੀ ਅਨੰਤ ਸ਼ਕਤੀਆਂ ਉਤਪਨ ਹੁੰਦੀਆਂ ਹਨ। ਇਨ੍ਹਾਂ ਅਨੰਤ ਮਾਨਸਿਕ ਬਿਰਤੀਆਂ ਅਤੇ ਸਮਾਜਿਕ ਸ਼ਕਤੀਆਂ ਦਾ ਸੰਪੂਰਨ ਸਾਖਿਆਤਕਾਰ ਕਰਕੇ ਹੀ ਰਿਸ਼ੀਆਂ ਨੇ ਧਰਮ ਦੀ ਰਚਨਾ ਕੀਤੀਹੈ।

ਉਪਨਿਸ਼ਦਾਂ ਵੀ ਏਹੋ ਉਪਦੇਸ਼ਦੀਆਂ ਹਨ:-
ਸਤਯੰ ਵਦ, ਧਰਮ ਦਰ, ਸ੍ਵਾਧਯਬਨਮਾ ਪ੍ਰਮਦ:-

ਜਿਸਦਾ ਅਰਥ ਹੈ:-ਸੱਚ ਬੋਲ, ਧਰਮ ਕਰ ਅਤੇ ਨਿਤ ਦਿਹਾੜੇ ਸਿਖ।

ਗੁਰਬਾਣੀ ਏਸੇ ਗੱਲ ਨੂੰ ਇੰਜ ਕਹਿੰਦੀ ਹੈ।–
ਬੋਲੀਐ ਸਚੁ, ਧਰਮ, ਝੂਠ ਨ ਬੋਲੀਐ।
ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ।

ਮਨੂੰ ਸੰਹਿਤਾ ਨੇ ਧਰਮ ਦੇ ਦਸ ਅੰਗ ਦਸੇ ਹਨ:-
ਧ੍ਰਿਤਿ ਕ੍ਸ਼ਮਾ ਦਮੋਸਤੇਯੰ ਸ਼ੌਂਚ ਮਿੰਦ੍ਰਯ ਨਿਗ੍ਰਹ।
ਧੀਰ ਵਿਦਯਾ ਸਤਯਮ ਕ੍ਰੋਧੋ,
ਦਸ਼ਕੰ ਧਰਮ ਲਕਸ਼ਣਮ।

ਭਾਵ–ਧੀਰਜ, ਖਿਮਾ, ਮਨ ਦਾ ਸੰਜਮ, ਚੋਰੀ ਦਾ ਤਿਆਗ, ਪਵਿਤਰਤਾ, ਇੰਦਰੀਆਂ ਨੂੰ ਕੁਕਰਮਾਂ ਵਲੋਂ ਰੋਕਣਾ, ਨਿਰਮਲ ਬੁਧ, ਵਿਦਿਆ ਅਭਿਆਸ, ਸੱਚ ਅਤੇ ਕਰੋਧ ਦਾ ਤਿਆਗ।

ਗੁਰੂ ਬਾਣੀ ਜੋ ਸਿਖ ਧਰਮ ਦਾ ਵਿਧਾਨ ਹੈ, ਇਕੋ ਗਲ ਵਿਚ ਧਰਮ ਨਿਰੂਪਣ ਕਰਦੀ ਹੈ। ਸੰਤ ਕਾ ਮਾਰਗ, ਧਰਮ ਕੀ ਪਉੜੀ ਕੋ ਵਡਭਾਗੀ ਪਾਏ। ਅਤੇ ਦੂਜੇ ਪਾਸਿਓਂ ਸਿਖ ਧਰਮ ਦਾ ਅਸੂਲ ਕੇਵਲ-ਗੁਰਮੁਖ ਨਾਮ, ਦਾਨ, ਇਸ਼ਨਾਨ ਆਖਕੇ ਗਲ ਮੁਕਾ ਦਿੰਦੀ ਹੈ। ਪਰ ਧਰਮ ਦੇ ਮੰਨੂੰ ਦ੍ਰਿੜ੍ਹਾਏ ੧੦ ਅੰਗਾਂ ਨਾਲ ਗੁਰਬਾਣੀ ਆਪਣੀ ਸੁਰ ਮਿਲਾਂਦੀ ਹੈ। ਜਿਵੇਂ:–

੧. ਧੀਰਜ–ਧੀਰਉ ਦੇਖ ਤੁਮਾਰੇ ਰੰਗਾ। ਜਾਂ
ਧੀਰਜ ਜਸ ਸੋਭਾ ਤਿਹਿਬਨਿਆ।

੨. ਖਿਮਾ–
ਖਿਮਾ ਵਿਹੂਣੇ ਖਪ ਗਏ ਖੂਹਣ ਲਖ ਅਸੰਖ।

੩. ਮਨ ਵਸ–
ਮਨ ਵਸ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ।
ਜਾਂ:– ਮਨ ਜੀਤੈ ਜਗ ਜੀਤੁ।

੪. ਚੋਰੀ ਦਾ ਤਿਆਗ–
ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।

੫. ਪਵਿਤਰਤਾ–
ਪਤਿਤ, ਪਵਿਤਰ ਕੀਏ ਜਨ ਅਪਨੇ..................।

੬. ਇੰਦ੍ਰੀ ਵੱਸ–
ਇੰਦ੍ਰੀ ਵਸ ਕਰ ਸੁਣਹਿ ਹਰਿ ਨਾਮ।

੭. ਨਿਰਮਲ ਬੁਧ–
ਸਤੀ ਪਹਿਰੀ ਸਤ ਭਲਾ ਬਹੀਐ ਪੜਿਆ ਪਾਸ।
ਓਥੈ ਪਾਪ ਪੁੰਨ ਬੀਚਾਰਿਐ ਕੂੜੈ ਘਟੈ ਰਾਸਿ।

੮. ਵਿਦਿਆ–
ਵਿਦਿਆ ਵੀਚਾਰੀ ਤਾ ਪਰ-ਉਪਕਾਰੀ।

੯. ਸੱਚ–
ਆਦਿ ਸਚੁ, ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

੧੦. ਕਰੋਧ ਨਾਸ–
ਕੁਬੁਧ ਡੂਮਣੀ, ਕੁਦਇਆ ਕੁਸਾਇਣ,
ਪਰ ਨਿੰਦਾ ਘਟ ਚੂਹੜੀ, ਮੁਠੀ ਕ੍ਰੋਧ ਚੰਡਾਲ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜਿਸ ਧਰਮ ਚਕਰ ਨੂੰ ਸੀਸ ਪਰ ਸਸ਼ੋਭਤ ਕਰਕੇ ਜਗਤ ਉਧਾਰਨ ਲਈ ਚੜ੍ਹੇ ਉਸਦੀਆਂ ਏਹ ਦਸੇ ਪ੍ਰਚੰਡ ਕਿਰਨਾ ਚੁਪਾਸੀਂ ਖਿਲਰ ਰਹੀਆਂ ਸਨ। ਪਰੰਤੂ ਮੁਖਰੂਪਵਿਚ ਗੁਰਬਾਣੀ ਵਿਚ ਦ੍ਰਿੜ੍ਹਾਏਧਰਮ ਨੂੰ ਉਨ੍ਹਾਂ ਪਰਚਾਰਿਆ। ਜਿਸ ਵਿਚ ਧਰਮ ਦੇ

Namdhari Elibrary NamdhariElibrary@gmail.com

ਦਸ ਅੰਗਾਂ ਤੇ ਜ਼ੋਰ ਦਿੰਦਿਆਂ, ਸਤਿਗੁਰੂ ਦੀ ਕ੍ਰਿਪਾ ਨੂੰ ਸਰਵੋਪਰ ਮੰਨਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ-ਸੰਸਥਾ ਦਾ ਆਰੰਭ ਕੀਤਾ, ਉਸਦਾ ਬਾਰ੍ਹਵਾਂ ਰਹਿਬਰ ਕਿਵੇਂ ਕੁਛ ਵਖਰੇਵਾਂ ਕਰ ਸਕਦਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਰਾਜਨੀਤੀ ਵਿਚ ਭਾਗ ਲਿਆ, ਸਮੇ ਦੀ ਨਬਜ਼ ਨੂੰ ਪਛਾਣ ਕੇ, ਉਨ੍ਹਾਂ ਨੇ ਸਮਾਜ ਦੇ ਸੁਧਾਰ ਲਈ ਕਦਮ ਚੁਕੇ ਤਾਂਕਿ ਮਨੁਖ ਆਪੂੰ ਬਣਾਏ ਜਾਲ ਵਿਚ ਹੀ ਫਸਕੇ ਬੇਦਮ ਨਾ ਹੋ ਜਾਏ। ਪਰੰਤੂ ਖਾਸ ਕਰ ਉਨ੍ਹਾਂ ਨੇ ਧਰਮ ਕਰਮ ਨੂੰ ਪੁਨਰ ਜੀਵਤ ਕੀਤਾ। ਅਮਲੀ ਜੀਵਨ ਚੋਂ ਰੱਬ-ਰੂਪ ਸਤਿਗੁਰੂ ਨੇ ਜਦੋਂ ਇਕ ਵਾਰ ਕਿਸੇ ਵਲ ਨਿਗਹ ਭਰਕੇ ਤਕ ਲਿਆ, ਉਸਦੇ ਜਨਮ ਜਨਮਾਂਤਰਾਂ ਦੇ ਭਰਮ ਭਉ ਕੱਟ ਦਿਤੇ। ਜਿਨ੍ਹੂੰ ਇਕ ਵਾਰ ਕਹਿ ਦਿਤਾ...... ਸਿੰਘਾ, ਹੁਣ ਝੂਠੇ ਅਮਲਾਂ ਦਾ ਵੇਲਾ ਨਹੀਂ, ਸਚ ਅਮਲ ਦੀ ਜ਼ਰੂਰਤ ਹੈ। ਸੁਣਨ ਵਾਲੇ ਨੇ ਮਾਸ ਸ਼ਰਾਬ ਅਤੇ ਅਫੀਮ ਆਦਿ ਦੀਆਂ ਇਲਤਾਂ ਨੂੰ ਓਸੇ ਘੜੀ ਤਰਕ ਕਰ ਦਿਤਾ। ਜਿਸ ਕੁਕਰਮੀ ਨੂੰ ਆਖਿਆ-ਭਾਈ, ਮਨੁਖਾ ਜਨਮ ਬਾਰ ਬਾਰ ਨਹੀਂ ਮਿਲਣਾ, ਇਸਨੂੰ ਗੁਰੂ ਆਗਿਆ ਅਨੁਸਾਰ ਬਿਤਾ ਕੇ ਜੀਵਨ ਸਫਲਾ ਕਰੋ। ਓਸੇ ਵੇਲੇ ਹੀ ਸਿਖ ਉਤੇ ਜਾਦੂ ਅਸਰ ਹੋ ਗਿਆ। ਅਤੇ ਏਹ ਅਸਰ ਕੇਵਲ ਸਤਿਗੁਰੂ ਦੀ ਜਬਾਨ ਵਿਚ ਹੀ ਨਹੀਂ ਸੀ, ਸਗੋਂ ਉਹਦੇ ਬਣਾਏ ਸੂਬਿਆਂ ਦੀ ਜਿਹਬਾ ਤੇ ਵੀ ਓਹੋ ਅੰਮ੍ਰਿਤ ਸੀ, ਓਹੋ ਪਾਰ ਨਿਸਤਾਰਾ ਕਰਨ ਵਾਲਾ ਨਾਮ-ਦਾਰੂ ਸੀ। ਇਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਧਰਮ-ਚਕ੍ਰ ਦਾ ਹੀ ਪ੍ਰਤਾਪ ਸੀ ਕਿ ੫-੭ ਸਾਲ ਵਿਚ ਹੀ ੭-੮ ਲੱਖ ਸਿਖ ਪੰਜਾਬ ਵਿਚੋਂ ਐਉਂ ਜਾਗ ਪਿਆ, ਜਿਵੇਂ ਸਾਵਣ ਵੱਸਣ ਤੋਂ ਜਲ-ਜੀਵ ਥਾਂ ਪਰ ਥਾਂ ਨਜ਼ਰ ਆਉਣ ਲਗ ਪੈਂਦੇ ਹਨ। ਗਿਆਨੀ ਗਿਆਨ ਸਿੰਘ ਜੀ ਦਾ ਇਕ ਕਬਿੱਤ ਉਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੇ ਪ੍ਰਭਾਵ ਦਾ ਜ਼ਿਕਰ ਇੰਜ ਕਰਦਾ ਹੈ:-

ਪਾਇ ਐਸ ਹੁਕਮ ਪ੍ਰਮੇਸ਼ਰਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੇਨ ਲਾਗਿਓ।
ਹੁਕੇ ਛਡਵਾਏ, ਰਖਵਾਏ ਕੇਸ ਮੋਨਿਓਂਕੇ,
ਸੁਧਾ ਛਕ,ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ ਸਿਖ ਥੀਏ ਤਾਹਿਕੇ ਅਪਾਰੀ,
ਸਿਖ ਪੰਥ ਬਿਰਧਾਇਓ, ਨਾਮ ਰਸਪਾਗਿਓ।
ਫੀਮ, ਭੰਗ,ਪੋਸਤ,ਸ਼ਰਾਬਮਾਸ,ਚੋਰੀ, ਯਾਰੀ,
ਠੱਗੀ ਤਜ ਥੀਏ ਸੰਤ,ਸਤਿਜੁਗ ਆਗਿਓ।

ਸਤਿਜੁਗੀ ਲਛਣਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾ ਸਿਰਫ ਪਰਚਾਰਿਆ ਹੀ, ਸਗੋਂ ਇਨ੍ਹਾਂ ਤੇ ਅਮਲ ਕਰਨ ਵਾਲੇ ਲੱਖਾਂ ਸਿੰਘ ਤਿਆਰ ਕਰ ਦਿਤੇ। ਥੋੜੀ ਥਾਂ ਵਿਚ ਜ਼ਿਕਰ ਸਦਕਾ, ਬਹੁਤੀਆਂ ਮਿਸਾਲਾਂ ਵਿੱਚ ਨਾ ਜਾਂਦਿਆਂ ਸੰਖੇਪ ਵਿਚ ਧਰਮ-ਚਕਰ ਦੀਆਂ ਦਸ ਰਸ਼ਮੀਆਂ ਦੇ ਪ੍ਰਭਾਵ ਦਾ ਅਸਰ ਬਿਆਨਦਾ ਹਾਂ।

੧. ਧੀਰਜ-ਨਾਮਧਾਰੀ ਪਰਵਾਰ ਵਿਚੋਂ ਕਈਆਂ ਦੀ ਇਹੋ ਵਿਥਿਆ ਹੈ ਕਿ ਉਨ੍ਹਾਂ ਦੇ ਪਿਤਾ ਪੁਤ੍ਰ ਅਥਵਾ ਸਬੰਧੀਆਂ ਨੂੰ ਵਿਰੋਧੀਆਂ ਵਲੋਂ ਕਤਲ ਕੀਤਾ ਗਿਆ, ਮਾਰਿਆ ਕੁਟਿਆ ਗਿਆ। ਨਾਮਧਾਰੀ ਬਦਲੇ ਦੀ ਸਪਿਰਟ ਵਿਚ ਨਹੀਂ ਆਏ, ਸਗੋਂ ਕਿਸੇ ਤਰਾਂ ਅਦਾਲਤੇ ਗੱਲ ਚਲੀ ਜਾਣ ਤੇ ਵੀ ਏਨਾਂ ਹੀ ਆਖਿਆ—'ਸਾਡਾ ਦੋਖੀ ਕੋਈ ਨਹੀਂ। ਅਕਾਲ ਪੁਰਖ ਦਾ ਭਾਣਾ ਹੀ ਇਸਤਰਾਂ ਸੀ।ਇਹ ਵਿਚਾਰੇ ਸਾਡੇ ਕਦੋਂ ਦੇ ਦੁਸ਼ਮਣ ਹੋਏ।ਸਤਿਗੁਰੂ ਦੀ ਰਜ਼ਾ ਬਿਨਾ ਤਾਂ ਪਤਾ ਨਹੀਂ ਹਿਲਦਾ, ਇਹਨਾਂ ਨੂੰ ਕਾਹਦਾ ਦੋਸ਼ ਦੇਈਏ। (ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਸਿਖਾਂ ਦਾ ਇਤਹਾਸ, ਏਸ ਸਬੰਧ ਵਿਚ ਅਨੇਕਾਂ ਘਟਨਾਵਾਂ ਪੇਸ਼ ਕਰੇਗਾ।)

੨. ਖਿਮਾ:–ਖਿਮਾ ਅਤੇ ਸ਼ੀਲਤਾ ਸਤਿਗੁਰੂ ਜੀ ਨਾਮਧਾਰੀ ਸਿਖਾਂ ਵਿਚ ਬੜੀ ਗਹਿਰੀ ਕਰਕੇ ਬੀਜੀ ਅਤੇ ਇਹ ਖ਼ੂਬ ਫਲੀ ਫੁਲੀ। ਜਦੋਂ ਨਾਮਧਾਰੀ ਨਵੇਂ ੨ ਉਠੇ ਤਾਂ ਲੋਕੀਂ ਕੁਝ ਇਕ ਸਿਖਾਂ ਦਿਆਂ ਕਛਾਂ ਵਿਚ ਵੱਟੇ ਪਾ ਦਿੰਦੇ, ਮਗਰ ਕੁਤੇ ਲਾ ਦਿੰਦੇ ਮਖੌਲ ਕਰਦੇ, ਬੋਲੀਆਂ ਮਾਰਦੇ ਦੁਖੀ ਹੋਏ ਸਿਖਾਂ ਸਤਿਗੁਰਾਂ ਪਾਸ ਅਰਦਾਸ ਕਰਨੀ। ਸਾਹਿਬਾਂ ਨੇ ਉਪਦੇਸ਼ ਦੇਣਾ ਕਿ ਬੋਲ ਕਬੋਲ ਸਭ ਦਾ ਸਹਿ ਜਾਓ ਜੇ ਕੋਈ ਕੁਛ ਮਾਰੇ ਤਾਂ ਭੀ ਖਿਮਾ ਕਰੋ। ਤੁਸਾਂ ਦਾ ਰਛਕ ਗੁਰੂ ਹੈ। ਅਤੇ ਇਸ ਧਰਮ ਉਪਦੇਸ਼ ਤੋਂ ਬਾਦ ਸਤਿਗੁਰੂ ਜੀ ਪਾਸ ਅਜੇਹੀਆਂ ਸ਼ਕਾਇਤਾਂ ਇਕ ਦਮ ਘਟ ਗਈਆਂ ਸਿਖਾਂ ਨੇ ਵਧ ਤੋਂ ਵਧ ਖਿਮਾ ਕਰਨਾ ਸ਼ੁਰੂ ਕੀਤਾ। ਅਤੇ ਇਕ ਵਾਰ ਦੋਖੀ ਨੂੰ ਖਿਮਾ ਕੀਤਾ ਤਾਂ ਉਹ ਦਸ ਗੁਣਾਂ ਪਿਆਰ ਲੈਕੇ ਹਾਜ਼ਰ ਹੋਇਆ।

੩.ਮਨ ਵਸ–ਸਤਿਗੁਰੂ ਰਾਮ ਸਿੰਘ ਜੀ ਵੇਲੇ ਅਜੇਹਾ ਸਤਿਜੁਗੀ ਵਾਤਾਵਰਣ ਪੈਦਾ ਹੋ ਗਿਆ ਕਿ ਇਸਤ੍ਰੀ ਮਰਦ ਮੇਲਿਆਂ ਹੋਲਿਆਂ ਵਿਚ ਰਬੀ ਰੰਗ ਵਿਚ ਰਤੇ ਦਿਨ ਰਾਤ ਕੱਠੇ ਰਹਿੰਦੇ ਏਥੋਂ ਤਕ ਕਿ ਕਈ ਵੇਰ ਰਾਤੀਂ ਇਕੋ ਕਪੜੇ ਵਿਚ ਨਾਮਧਾਰੀ ਨਰ ਨਾਰ ਸੌਂਦੇ, ਪਰ ਕੀ ਮਜਾਲ ਜੇ ਕਿਸੇ ਅੰਦਰ ਵਿਸ਼ੇ ਵਾਸ਼ਨਾ ਦਾ ਫੁਰਨਾ ਜਾਗਿਆ। ਆਪਣੇ ਹਕ ਤੇ ਜੀਉਣਾ ਨਾਮਧਾਰੀਆਂ ਦਾ ਦ੍ਰਿੜ੍ਹ ਨਿਸ਼ਾਨਾਂ ਸੀ ਅਤੇ ਹੁਣ ਵੀ ਹਰੇਕ ਨਾਮਧਾਰੀ ਏਸ ਕੋਸ਼ਸ਼ ਵਿਚ ਰਹਿੰਦਾ ਹੈ।

੪.ਚੋਰੀਦਾ ਤਿਆਗ:–ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਜਨ ਦਸਣ ਤੋਂ ਪਹਿਲਾਂ ਸਿਖਾਂ ਨੂੰ ਚੋਰੀ ਦੇ ਤਿਆਗ ਤੇ ਜ਼ੋਰ ਦੇਣਾ। ਅਤੇ ਅਨੇਕਾਂ ਸਿਖ ਭਜਨ ਲੈਣ ਤੋਂ ਪਹਿਲਾਂ ਚੋਰੀ ਦਾ ਮਾਲ ਅਸਲੀ ਮਾਲਕਾਂ ਨੂੰ ਦੇ ਕੇ ਭਜਨ ਲੈਣ ਲਈ ਆਏ ਸਾਹਿਬਾਂ ਨੇ–"ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ" ਦਾ ਬਹੁਤ ਵਡੇ ਪੈਮਾਨੇ ਤੇ ਪਰਚਾਰ ਕੀਤਾ। ਨਾਮਧਾਰੀ ਬਗਾਨੇ ਖੇਤ ਦਾ ਸਾਗ ਤਕ ਨਹੀਂ ਵਰਤਦੇ।

੫. ਪਵਿਤਰਤਾ:–ਇਹ ਗੁਣ ਤਾਂ ਨਾਮਧਾਰੀਆਂ ਨੂੰ ਗੁੜ੍ਹਤੀ ਵਿਚ ਮਿਲਦਾ ਹੈ। ਭਜਨ ਵੀ ਇਸਨਾਨ ਆਦਿ ਕਰਕੇ ਦਸਿਆ ਜਾਂਦਾ ਹੈ। ਹਰੇਕ ਨਾਮਧਾਰੀ ਸਵੇਰ ਦੇ ਇਸ਼ਨਾਨ ਦਾ ਆਦੀ ਹੁੰਦਾ ਹੈ। ਉਸਦੇ ਛਕਣ ਛਕਾਣ ਵਿਚ ਵੀ ਕਾਫ਼ੀ ਪਰਹੇਜ ਰਹਿੰਦਾ ਹੈ। ਖਾਸ ਕਰ, ਵਿਸ਼ੇਸ਼ ਪਵਿਤ੍ਰਤਾ ਵਾਲੇ ਨਾਮਧਾਰੀ ਸੋਧੀ ਅਖਵਾਂਦੇ ਹਨ। ਜਿਨ੍ਹਾਂ ਦੇ ਹਰ ਕਰਮ ਵਿਚ ਪਵਿਤ੍ਰਤਾ ਨੂੰ ਆਧਾਰ ਮੰਨਿਆਂ ਜਾਂਦਾ ਹੈ।

੬. ਇੰਦ੍ਰੀਆ ਤੇ ਕਾਬੂ:–ਨਾਮਧਾਰੀ ਪੰਥ ਵਿਚ ਪਹਿਲਾਂ ਵੀ ਤੇ ਹੁਣ ਵੀ ਪ੍ਰਵੇਸ਼ ਉਹਨਾਂ ਲੋਕਾਂ ਦਾ ਹੀ ਹੁੰਦਾ ਹੈ ਜੋ ਆਪਣਿਆ ਇੰਦਰਿਆਂ ਤੇ ਕੁਝ ਕੰਟਰੋਲ ਕਰ ਸਕਣ। ਜਿਨ੍ਹਾਂ ਦਾ ਨਿਸ਼ਾਨਾਂ ਅਮੋੜ ਜਜ਼ਬਿਆਂ ਉਤੇ ਵਸ ਪ੍ਰਾਪਤ ਕਰਨਾ ਹੁੰਦਾ ਹੈ। ਜ਼ਬਾਨ ਦੇ ਸੁਆਦ ਨੂੰ ਕਾਬੂ ਵਿਚ ਰਖਣ ਦਾ ਪਹਿਲਾ ਗੁਰ, ਮਾਸ–ਸ਼ਰਾਬ ਦਾ ਤਿਆਗ ਸਿਖਾਇਆ ਜਾਂਦਾ ਹੈ ਰਸਨਾਂ ਰਾਹੀਂ ਨਾਮ ਸਿਮਰਨ ਗੰਦ ਮੰਦ ਦੇ ਬੋਲ ਤੋਂ ਪਰਹੇਜ਼ ਸਿਖਾਂਦਾ ਹੈ। ਹਥੀਂ ਸੇਵਾ, ਨੇਤਰੀਂ ਸਤਿਗੁਰੂ ਦਾ ਦਰਸ਼ਨ ਤੇ ਪੈਰੀਂ ਸਾਧ ਸੰਗਤ ਦੇ ਮੇਲਿਆਂ ਤੇ ਜਾਣਾ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇ ਤੋਂ ਮਰਯਾਦਾ ਤੁਰੀ ਆਉਂਦੀ ਹੈ।

੭. ਨਿਰਮਲ ਬੁਧੀ:–ਨਿਰਮਲ ਤਨ ਤੇ ਨਿਰਮਲ ਮਨ ਵਿਚ ਹੀ ਨਿਰਮਲ ਬੁਧੀ ਰਹਿ ਸਕਦੀ ਹੈ। ਸਤਿਗੁਰੂ ਜੀ ਦੀ ਸੰਗਤ ਵਿਚ ਗਿਆ ਮਨੁਖ ਸਹਿਜੇ ਸਹਿਜੇ ਆਪ ਤੋਂ ਆਪ ਨਿਰਮਲ ਹੁੰਦਾ ਚਲਾ ਜਾਂਦਾ ਹੈ। ਬੁਧੀ ਦੀ ਨਿਰਮਲਤਾ ਲਈ ਹੀ ਨਾਮ ਰੂਪੀ ਸਾਬਣ ਦੀ ਨਿਤ ਵਰਤੋਂ ਕੀਤੀ ਜਾਂਦੀ ਹੈ। ਭਰੀਐ ਮਤਿ ਪਾਪਾ ਕੈ ਸੰਗਿ

Namdhari Elibrary NamdhariElibrary@gmail.com

ਓਹ ਧੱਪੇ ਨਾਵੇਂ ਕੇ ਰੰਗੇ। ਉਪ੍ਰੋਕਤ ਸਾਰੇ ਧਰਮ ਲਛਣ ਨਿਰਮਲ ਬੁਧੀ ਦੇ ਪਰਕਾਸ਼ ਦੇ ਪ੍ਰਭਾਵ ਤੋਂ ਹੀ ਪੈਦਾ ਹੋ ਸਕਦੇ ਹਨ।

੮. ਵਿਦਿਆ:-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਮੁਖੀ ਪੜ੍ਹਨ ਲਈ ਸਮੂਹ ਪੰਜਾਬੀਆਂ ਨੂੰ ਪ੍ਰੇਰਿਆ। ਨਾਮਧਾਰੀ ਨਰਨਾਰਾਂ ਲਈ ਗੁਰ-ਮੁਖੀ ਪੜ੍ਹਨੀ ਲਾਜ਼ਮੀ ਕਰਾਰ ਦਿਤੀ ਗੁਰਮੁਖੀ ਹੀ ਮਨੁਖ ਅੰਦਰ ਗੁਰਮੁਖਤਾਈ ਪੈਦਾ ਕਰ ਸਕਦੀ ਹੈ। ਗ੍ਰੰਥ ਸਾਹਿਬ ਜੀ ਦੇ ਪਾਠ ਘਰ ੨ ਕਰਵਾਣ ਦੀ ਪ੍ਰਪਾਟੀ ਪਾਕੇ ਵਿਦਿਆ-ਨਿਰਮਾਣ ਵਿਦਿਆ ਦੀ ਰੀਤ ਚਲਾਈ। ਅਹੰਕਾਰ ਸਿਖਾਣ ਵਾਲੀ ਵਿਦੇਸ਼ੀ ਭਾਸ਼ਾ ਦੀ ਖਿਲਾਫ਼ਤ ਕੀਤੀ।

੯. ਸੱਚ:-ਨਾਮਧਾਰੀਆਂ ਨੇ ਆਪਣੀਆਂ ਕਰਨੀਆਂ ਦੀ ਥਾਂ ਹੋਰ ਲੋਕਾਂ ਦੇ ਫੜੇ ਜਾਣ ਤੇ ਕਚਹਿਰੀਆਂ ਵਿਚ ਜਾ ਕੇ, ਸੱਚ ਬੋਲਿਆ। ਸੱਚ ਬੋਲਣ ਤੋਂ ਮੌਤ ਮਿਲਣ ਦੀ ਪਰਵਾਹ ਨ ਕੀਤੀ। ਅੰਗਰੇਜ਼ ਨੇ ਆਪਣੇ ਅਹਿਦ ਵਿਚ ਏਹ ਪਕੀ ਤਰ੍ਹਾਂ ਜਾਣ ਲਿਆ ਸੀ ਕਿ ਨ
ਨਹੀਂ ਬੋਲਦਾ।

੧੦ ਕ੍ਰੋਧ ਨਾਸ:-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਅੰਦਰ ਐਸੀ ਭਾਵਨਾਂ ਪੈਦਾ ਕੀਤੀ ਕਿ ਵਡੇ ਤੋਂ ਵਡੇ ਕ੍ਰੋਧੀ ਨੂੰ ਵੀ ਇਨ੍ਹਾਂ ਦੀ ਜਰਾਂਦ ਅਤੇ ਸ਼ਾਂਤੀ ਨੇ ਸ਼ਾਂਤ ਕੀਤਾ। ਅਸਾਂਤ ਮਨੁਖਾਂ ਦੀ ਨਿਰੰਤਰ ਕ੍ਰੋਧ-ਮਾਰ ਦਾ ਸਾਹਵਾਂ ਤਾਂ ਜਰਾਂਦ ਨਾਲ ਕਰਨਾ ਹੀ ਸੀ, ਆਪ ਵੀ ਵਡੇ ਵਡੇ ਕ੍ਰੋਧ ਉਕਸਾਊ ਅਵਸਰਾਂ ਤੇ ਹੱਸ ਕੇ ਗਲ ਟਾਲ ਦਿਤੀ।

ਉਪ੍ਰੋਕਤ ਸਾਰੀਆਂ ਚੀਜ਼ਾਂ ਮਿਸਾਲਾਂ ਮੰਗੀ-ਦੀਆਂ ਹਨ। ਲਖਾਂ ਨਾਮਧਾਰੀਆਂ ਦੇ ਜੀਵਨ ਕਲਮ ਬੰਦ ਨਹੀਂ ਹੋ ਸਕੇ। ਲੇਖਕਾਂ ਦੀ ਥੁੜ ਹੋਣ ਕਰਕੇ ਪਿੰਡ ਪਿੰਡ ਵਿਚ ਤੇ ਘਰ ਘਰ ਵਿਚ ਉਪਜੇ ਮਹਾਨ ਰਿਸ਼ੀ ਨਾਮਧਾਰੀਆਂ ਦੇ ਜੀਵਨ ਅੰਕੇ ਨਹੀਂ ਜਾ ਸਕੇ, ਨਹੀਂ ਤਾਂ ਚਕ੍ਰਿਤ ਕਰਨ ਵਾਲੀਆਂ ਮਿਸਾਲਾਂ ਸਾਹਵੇ ਆਉਂਦੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੁਖਾਰ ਵਿੰਦ ਤੋਂ ਭਾਸ਼ਣ ਸਮੇ ਅਜੇਹੀਆਂ ਅਨੇਕਾਂ ਮਿਸਾਲਾਂ ਸਰ-ਵਨ ਕੀਤੀਆਂ ਜਾ ਸਕਦੀਆਂ ਹਨ। ਸ੍ਰੀ ਮਾਨ ਪੰਡਿਤ ਗੋਪਾਲ ਸਿੰਘ ਜੀ ਪਾਸ ਅਜੇਹੀਆਂ ਮਿਸਾਲਾਂ ਦਾ ਅਮੁਲ ਖਜ਼ਾਨਾ ਹੈ। ਸ੍ਰੀਮਾਨ ਸੰਤ ਤਰਨ ਸਿੰਘ ਜੀ ਵਹਿਮੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ ਇਤਿਹਾਸ ਲਿਖ ਰਹੇ ਹਨ, ਜਿਨ੍ਹਾਂ ਪਾਸ ਹੋਰ ਵੀ ਅਨੇਕਾਂ ਮਹਾਪੁਰਸ਼ਾਂ ਦੇ ਜੀਵਨ-ਚਰਿਤ੍ਰ ਅੰਕਿਤ ਹਨ, ਉਨ੍ਹਾਂ ਦੇ ਪ੍ਰਕਾਸ਼ ਹੋਣ ਤੇ ਮੇਰੇ ਉਪ੍ਰੋਕਤ ਲੇਖ ਦੀ ਪੁਸ਼ਟੀ ਹੋ ਜਾਵੇਗੀ ਅਤੇ ਹੁਣ ਵੀ ਵਰਤਮਾਨ ਨਾਮਧਾਰੀ ਸਮਾਜ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਆਪਣੇ ਪਿਆਰ ਭਰੇ ਧਰਮ ਆਚਰਣ ਨਾਲ ਇਨ੍ਹਾਂ ਗੁਣਾਂ ਦਾ ਵਿਸਤਾਰ ਕਰ ਰਹੇ ਹਨ। ਕੋਈ ਸ਼ਕ ਨਹੀਂ ਸ੍ਰੀ ਸਤਗੁਰੂ ਰਾਮ ਸਿੰਘ ਜੀ ਨੇ:-

ਕਲਿਜੁਗ ਮੇ ਸਤਿਜੁਗ ਵਰਤਾਊਂ।
ਤਬ੍ਹੀ ਬਾਰ੍ਹਵਾਂ ਬਪ ਕਹਾਊਂ।

ਦੇ ਵਾਕ ਤੇ ਪੂਰਨ ਰੂਪ ਵਿਚ ਅਮਲ ਕੀਤਾ ਤੇ ਕਰਵਾਇਆ ਹੈ। ਅਤੇ ਇਸਤਰਾਂ ਧਰਮ ਰਖਿਅਕ ਸਤਿਗੁਰੂ ਨੇ ਕਲਿਜੁਗ ਦੀ ਅੰਗਿਆਰ ਬਰਸਾਂਦੀ ਬਦਲੀ ਹੇਠ ਵੀ ਇਕ ਸਤਿਜੁਗੀ ਸੰਸਥਾ ਸਥਾਪਿਤ ਕਰ ਰਖੀ ਹੈ। ਅਤੇ ਇਨ੍ਹਾਂ ਧਰਮ--ਅੰਗਾਂ ਦਾ ਸਹਚਸਮਾਂ ਸਾਨੂੰ ਦੇਹ ਧਾਰੀ ਸਤਿਗੁਰ ਦੀ ਸ਼ਰਣ ਬਖਸ਼ੀ ਹੈ ਜਿਸ ਚੋਂ ਸਦਾ ਹੀ ਸ ਸੁਖਾਵਾਂ ਧਰਮ ਆਪਤੋਂ ਆਪ ਉਛਲਦਾ ਰਹੇਗਾ।

ਪ. ਸ. ਕ.

Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ ਗਮਨ

[ਸ੍ਰੀਮਾਨ ਸੰਤ ਮੰਗਲ ਸਿੰਘ ਜੀ ਲਾਇਲਪੁਰੀ

[ਸੰਤ ਮੰਗਲ ਸਿੰਘ ਜੀ ਲਾਇਲਪੁਰੀ ਏਸ ਵੇਲੇ ਨਾਮਧਾਰੀ ਪੰਥ ਦਾ ਪ੍ਰਚਾਰ ਤੇ ਸ੍ਰੀ ਸਤਿਗੁਰੂ ਜੀ ਦੇ ਕਾਰਜ ਕਰਮ ਆਦਿ ਦੀ ਨਾਮਧਾਰੀ ਪੰਥ ਅਤੇ ਹੋਰ ਲੋਕਾਂ ਵਿਚ ਜਾਣਕਾਰੀ ਦੇਣ ਲਈ 'ਨਵਾਂ ਹਿੰਦੁਸਤਾਨ' ਦਿਲੀ ਰਾਹੀਂ ਸਿਰ ਤੋੜ ਕੋਸ਼ਸ਼ ਕਰ ਰਹੇ ਹਨ। ਨਵਾਂ ਹਿੰਦੁਸਤਾਨ ਵਿਚ ਦਿਤੇ ਗਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਇਸ ਨੋਟ ਨੂੰ ਸਤਿਜੁਗ ਵਿਚ ਥਾਂ ਦੇਂਦੇ **ਅਸੀਂ** ਸੰਤ ਜੀ ਵਲੋਂ ਹਿਸਾ ਪਾਂਦੇ ਹਾਂ।—ਪ.ਸ.ਕ.]

੧੭-੧੮ ਜਨਵਰੀ ਦਾ ਦਿਨ ਭਾਰਤ ਵਾਸੀਆਂ ਲਈ ਇਕ ਖਾਸ ਦਿਨ ਦਾ ਦਰਜਾ ਰਖਦਾ ਹੈ। ਇਹ ਓਹੋ ਦੋ ਦਿਨ ਹਨ ਜਿਨ੍ਹਾਂ ਦਿਨਾਂ ਵਿਚ ਕੂਕੇ ਮਲੇਰ ਕੋਟਲੇ ਵਿਚ ਤੋਪਾਂ ਨਾਲ ਉਡਾਏ ਗਏ ਤੇ ਫਾਂਸੀਆਂ ਤੇ ਲਟਕਾਏ ਗਏ ਸਨ। ਇਹ ੧੮ ਜਨਵਰੀ ੧੮੭੨ ਈ: ਦਾ ਹੀ ਦਿਨ ਸੀ ਜਿਸ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗ-ਰੇਜ਼ ਨੇ ਇਸ ਲਈ ਜਲਾਵਤਨ ਕਰ ਦਿਤਾ ਸੀ ਕਿ ਉਸ ਨੂੰ ਆਪਣਾ ਰਾਜ ਖਤਰੇ ਵਿਚ ਭਾਸਿਆ ਸੀ।

੧੩ ਅਪਰੈਲ ੧੮੫੭ ਵਾਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਜਥੇਬੰਦੀ ਕਾਇਮ ਕਰਕੇ ਦੇਸ਼ ਵਿਚੋਂ ਅੰਗਰੇਜ਼ ਨੂੰ ਕਢਣ ਦਾ ਪਰੋਗਰਾਮ ਬਣਾਇਆ ਸੀ। ਆਪ ਦੇ ਵੇਂਹ-ਦਿਆਂ ਹੀ ੫੭ ਦਾ ਗ਼ਦਰ ਹੋਇਆ। ਸਭ ਕੁਝ ਵੇਖ ਜਾਣ ਕੇ ਆਪਨੇ ਅੰਗਰੇਜ਼ ਨਾਲ ਨਵੀਆਂ ਲੀਹਾਂ ਤੇ ਲੜਾਈ ਅਰੰਭੀ। ਜਿਸ ਨਾਲ ਆਪ ਨੂੰ ਹਦੋਂ ਵਧ ਸਫਲਤਾ ਦੀ ਆਸ ਹੋਈ।

ਪਰ ਅਚਾਨਕ ਮਲੇਰ ਕੋਟਲੇ ਦੀ ਘਟਨਾ ਵਾਪਰਣ ਕਰਕੇ ਲੜਾਈ ਦਾ ਰੁਖ ਅਹਿੰਸਕ ਬਣ ਗਿਆ ਜਿਸ ਤੋਂ ਭੈਭੀਤ ਹੋਕੇ ਮਲੇਰ ਕੋਟਲੇ ਵਾਲੇ ਉਹਨਾਂ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ ਜਿਨ੍ਹਾਂ ਨੇ ਆਪਣੀਆਂ ਜਾਨਾਂ ਨਾਲੋਂ ਦੇਸ਼ ਨੂੰ ਪਿਆਰਾ ਸਮਝਿਆ ਸੀ ਉਥੇ ਨਾਲ ਹੀ ਅੰਗਰੇਜ਼ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਜਲਾਵਤਨ ਕਰ ਦਿਤਾ।

## ਇਹ ਸਭ ਕੁਝ ਕਿਉਂ ਹੋਇਆ ?

ਇਹ ਏਡੀ ਦਿਲ ਹਿਲਾਊ ਘਟਨਾ ਕਿਉਂ ਹੋਈ ? ਸਾਫ ਹੈ ਕਿ ਸਾਰਾ ਭਾਰਤ ਵਰਸ਼ ਘੂਕ ਸੁਤਾ ਹੋਇਆ ਸੀ, ਅੰਗਰੇਜ਼ ਨੇ ਸੰਨ ੫੭ ਵਿਚ ਮਨ ਮੰਨੇ ਅਤਿਆਚਾਰ ਕੀਤੇ ਸਨ। ਅੰਗਰੇਜ਼ ਨੂੰ ਮਾਣ ਸੀ ਕਿ ਉਹ ਸਿਖ ਅਜੇ ਜੀਉਂਦੇ ਹੋਣਗੇ ਜਿਨ੍ਹਾਂ ਨੇ ੫੭ ਵਿਚ ਇਸ ਦਾ ਰਾਜ ਭਾਗ ਬਚਾਇਆ ਸੀ। ਪਰ ਅੰਗਰੇਜ਼ ਦਾ ਇਹ ਭੁਲੇਖਾ ਛੇਤੀ ਹੀ ਦੂਰ ਹੋ ਗਿਆ ਜਦੋਂ ਉਸਨੇ ਵੇਖਿਆ ਕਿ ਗੁਰੂ ਰਾਮ ਸਿੰਘ ਜੀ ਦੀ ਕਾਇਮ ਕੀਤੀ ਜਥੇਬੰਦੀ (ਨਾਮਧਾਰੀਆਂ) ਦਾ ਮੰਤਵ ਅਜ ਗ਼ਦਾਰ ਸਿਖਾਂ ਦੇ ਬਿਲਕੁਲ ਉਲਟ ਹੋ ਗਿਆ ਹੈ।

ਕੁਝ ਸ਼ੱਕ ਕਰਕੇ, ਕੁਝ ਡਰ ਪੈਦਾ ਕਰਨ ਲਈ ਤੇ ਕੁਝ ਉਸ ਸਮੇਂ ਦੇ ਗ਼ਦਾਰਾਂ ਕਾਰਨ ੧੮ ਜਨਵਰੀ ੧੮੭੨ ਨੂੰ ਦੇਸ਼, ਪੰਥ ਤੇ ਧਰਮ ਦਾ ਰਖਵਾਲਾ ਸਤਿਗੁਰੂ ਸਾਥੋਂ ਵਿਛੜ ਗਿਆ।

Namdhari Elibrary NamdhariElibrary@gmail.com

# ਕੂਕਿਆਂ ਦਾ ਕੱਲਰ

[ਸ੍ਰੀ ਯੁਤ ਕਾਮਰੇਡ ਜਗਜੀਤ ਸਿੰਘ ਜੀ 'ਅਨੰਦ'
ਮੁਖ ਸੰਪਾਦਕ ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ

ਕਾਮਰੇਡ ਜਗਜੀਤ ਸਿੰਘ ਜੀ ਅਨੰਦ ਪੰਜਾਬ ਕਮਿਊਨਿਸਟ ਪਾਰਟੀ ਦੇ ਉਘੇ ਅਤੇ ਸਿਆਣੇ ਸਾਥੀਆਂ ਚੋਂ ਹਨ। ਆਪ ਨਾ ਸਿਰਫ ਪੰਜਾਬ ਦੀ ਕਮਿਊਨਿਸਟ ਕੌਂਸਲ ਦੇ ਇਕ ਸਤਿਕਾਰੇ ਹੋਏ ਮੈਂਬਰ ਹੀ ਹਨ, ਸਗੋਂ ਪੰਜਾਬ ਪਾਰਟੀ ਦੇ ਰੋਜ਼ਾਨਾ ਅਖਬਾਰ ਦੇ ਮੁਖ ਸੰਪਾਦਕ ਹੋਣ ਦਾ ਮਾਣ ਵੀ ਆਪਨੂੰ ਹਾਸਲ ਹੈ। ਆਪਨੇ ਰੂਸ ਚੀਨ ਤੇ ਪੂਰਬੀ ਯੋਰਪ ਦੀ ਯਾਤਰਾ ਵੀ ਦੋ ਵਾਰ ਕੀਤੀ ਹੈ। ਪੰਜਾਬ ਦੀ ਅਮਨ ਤਹਿਰੀਕ ਦੇ ਆਪ ਸਕੱਤਰ ਹਨ।

ਨਾਮਧਾਰੀ ਪੰਥ ਨਾਲ ਇਨ੍ਹਾਂ ਦੀ ਵਾਕਫ਼ੀ ਇਨ੍ਹਾਂ ਦੀ ਅੱਲੜ੍ਹ ਜਵਾਨੀ ਤੋਂ ਤੁਰਦੀ ਹੈ ਤੇ ਅੱਜ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਡੂੰਘਾ ਸਨੇਹ ਰਖਦੇ ਹਨ। ਨੇੜਿਓਂ ਤਕੇ ਨਾਮਧਾਰੀਆਂ ਨੂੰ ਇਤਹਾਸ ਦੀ ਅੱਖ ਨਾਲ ਵੇਖਦਿਆਂ ਆਪਨੇ ਏਹ ਮੁਖ ਲੇਖ ਨਵਾਂ ਜ਼ਮਾਨਾ ਦੇ ੧੮ ਜਨਵਰੀ ੧੯੬੩ ਵਾਲੇ ਪਰਚੇ ਲਈ ਲਿਖਿਆ ਤੇ ਇਸਤਰਾਂ ਕੂਕਿਆਂ ਦੇ ਕਿਰਦਾਰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਖੇਪ ਜੀਵਨ ਨਾਲ ਆਪਣੇ ਪਾਠਕਾਂ ਨੂੰ ਵਾਕਫ਼ੀ ਕਰਵਾਈ। ਮੈਨੂੰ ਆਪਣੇ ਸਨੇਹੀ ਦਾ ਏਹ ਲੇਖ ਨਵਾਂ ਜ਼ਮਾਨਾ ਚੋਂ ਲੈਕੇ ਸਤਿਜੁਗ ਦੇ ਪਾਠਕਾਂ ਦੇ ਪੇਸ਼ ਕਰਦਿਆਂ ਹਾਰਦਿਕ ਖੁਸ਼ੀ ਹੋ ਰਹੀ ਹੈ। [ਪ.ਸ.ਕ.

ਜਦੋਂ ਇਹ ਪਰਚਾ ਪਾਠਕਾਂ ਦੇ ਹਥ ਵਿਚ ਹੋਵੇਗਾ, ਮਲੇਰ ਕੋਟਲੇ ਦੇ ਕੂਕਿਆਂ ਦੇ ਕੱਲਰ ਵਿਚ ਨਾਮਧਾਰੀ ਵੀਰਾਂ ਦਾ ਉਹ ਸਮੇਲਨ ਸ਼ੁਰੂ ਹੋ ਚੁਕਾ ਹੋਵੇਗਾ, ਜਿਹੜਾ ਹਰ ਸਾਲ ੧੮੭੨ ਦੇ ਉਹਨਾਂ ਸ਼ਹੀਦਾਂ ਦੀ ਯਾਦ ਵਿਚ ਜੁੜਦਾ ਹੈ। ਜਿਹੜੇ ਫਰੰਗੀ ਹਾਕਮਾਂ ਦੇ ਹੁਕਮ ਨਾਲ ਤੋਪਾਂ ਅਗੇ ਬੰਨ ਕੇ (ਬੰਨ੍ਹਕੇ ਨਹੀਂ ਨਾਮਧਾਰੀ ਦ੍ਰਿੜ ਇਰਾਏ ਨਾਲ ਹਸ ਹਸ ਤੋਪਾਂ ਅਗੇ ਜਾ ਮੌਤ ਵਰਦੇ ਰਹੇ। (ਸੰਪਾਦਕ) ਉਡਾਏ ਗਏ ਸਨ।

੧੮੫੭ ਦੇ ਅਜ਼ਾਦੀ ਦੇ ਮਹਾਨ ਸੰਗਰਾਮ ਪਿਛੋਂ ਅੰਗਰੇਜ਼-ਵਿਰੋਧੀ ਵਿਦਰੋਹ ਦਾ ਇਹ ਪਹਿਲਾ ਵੱਡਾ ਸਾਕਾ ਸੀ। ਜਿਹੜਾ ਸਿਰਫ਼ ਪੰਜਾਬ ਨੂੰ ਹੀ ਨਹੀਂ ਸਾਰੇ ਉਤਰੀਭਾਰਤਨੂੰ ਹਲੂਣ ਗਿਆ।

ਨਾਮਧਾਰੀ ਲਹਿਰ ਇਕ ਧਾਰਮਕ ਲਹਿਰ ਦੇ ਰੂਪ ਵਿਚ ਸ਼ੁਰੂ ਹੋਈ ਸੀ, ਪਰ ਇਸਦਾ ਤੱਤ ਸ਼ੁਰੂ ਤੋਂ ਹੀ ਸਾਮਰਾਜ-ਵਿਰੋਧੀ ਸੀ। ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ ਸਿਖ ਰਾਜ ਦੇ ਅੰਤਲੇ ਦਿਹਾੜਿਆਂ ਵਿਚ ਖਾਲਸਾ ਫੌਜ ਵਿਚ ਨੌਕਰੀ ਕਰ ਚੁਕੇ ਸਨ ਅਤੇ ਅੰਗਰੇਜ਼ ਵਲੋਂ ਹਿੱਕ ਦੇ ਜ਼ੋਰ ਨਾਲ ਪੰਜਾਬ ਉਤੇ ਕਬਜ਼ਾ ਕਰ ਲੈਣ ਦਾ ਉਹਨਾਂ ਨੂੰ ਡਾਢਾ ਸੱਲ ਸੀ। ਭਾਵੇਂ ਉਹਨਾਂ ਫੌਜ ਦੀ ਨੌਕਰੀ ਛੱਡਕੇ ਨਿਰੋਲ ਭਜਨ ਬੰਦਗੀ ਦਾ ਰਾਹ ਜੰਗ ਤੋਂ ਘਿਰਣਾ ਖਾਕੇ ਅਪਨਾਇਆ ਸੀ ਤੇ ਉਹ ਸ਼ਾਂਤ ਮਈ ਦੇ ਵਡੇ ਪ੍ਰਚਾਰਕ ਸਨ, ਪਰ ਅੰਗਰੇਜ਼

ਵਿਰੁਧ ਉਹਨਾਂ ਦਾ ਸੁੱਚਾ ਰੋਹ ਕਦੇ ਮੱਠਾ ਨਹੀਂ ਸੀ ਪਿਆ।

ਇਸੇ ਲਈ ਉਹਨਾਂ ਨੇ ਫਰੰਗੀ ਰਾਜ ਨਾਲ ਉਕੀ ਪੁਕੀ ਨਾ ਮਿਲਵਰਤਣ ਦਾ ਰਾਹ ਅਪਣਾਇਆ ਅਤੇ ਆਪਣੇ ਸੇਵਕਾਂ ਨੂੰ ਅੰਗਰੇਜ਼ਾਂ ਦੀਆਂ ਅਦਾਲਤਾਂ, ਡਾਕ ਖਾਨਿਆਂ, ਗੱਡੀਆਂ ਆਦ ਦੇ ਬਾਈਕਾਟ ਦਾ ਉਪਦੇਸ ਦਿਤਾ। ਬਦੇਸ਼ੀ ਮਾਲ ਦੇ ਬਾਈਕਾਟ ਅਤੇ ਹੱਥ ਦਾ ਕੱਤਿਆ ਕਪੜਾ ਪਹਿਨਣ ਦਾ ਉਪਦੇਸ਼ ਵੀ ਸਭ ਤੋਂ ਪਹਿਲਾਂ ਆਪਨੇ ਹੀ ਦਿਤਾ।

ਨਾ ਮਿਲਵਰਤਣ ਦੇ ਇਹਨਾਂ ਹੀ ਵਿਚਾਰਾਂ ਤੇ ਢੰਗਾਂ ਨੂੰ ਪੰਜਾਹ ਸਾਲ ਪਿਛੋਂ ਮਹਾਤਮਾਂ ਗਾਂਧੀ ਜੀ ਨੇ ਵਡੇ ਪੈਮਾਨੇ ਉਤੇ ਅਪਣਾਇਆ ਅਤੇ ਦੇਸ਼ ਦੀ ਜਨਤਾ ਨੂੰ ਫ਼ਰੰਗੀ ਵਿਰੁਧ ਖਲੋਣ ਦਾ ਵਡਾ ਸਾਹਸ ਦਿਤਾ।

ਨਾਮਧਾਰੀ ਲਹਿਰ ਵਿਚਾਰਾਂ ਵਲੋਂ ਇਕ ਧਾਰਮਕ ਲਹਿਰ ਹੋਣ ਕਾਰਨ ਮਲੇਰ ਕੋਟਲੇ ਦੇ ਇਸ ਮਹਾਨ ਸਾਕੇ ਦਾ ਅੰਦਰ ਮੁਖੀ ਸਬੰਧ ਵੀ ਬੁਚੜਾਂ ਹਥੋਂ ਗਊਆਂ ਨੂੰ ਬਚਾਉਣ ਦੇ ਜਤਨਾਂ ਨਾਲ ਹੈ। ਪਰ ਬਾਹਰ ਮੁਖੀ ਦ੍ਰਿਸ਼ਟੀ ਤੋਂ ਵੇਖਿ-ਆ ਜਾਏ ਤਾਂ ਨਾਮਧਾਰੀ ਜੋਧੇ ਅੰਮਰਤਸਰ, ਰਾਏ ਕੋਟ ਜਾਂ ਮਲੇਰਕੋਟਲੇ ਦੇ ਚੰਦ ਬੁਚੜਾਂ ਨਾਲ ਨਹੀਂ, ਫਰੰਗੀ ਰਾਜ ਦੇ ਸਾਰੇ ਤਾਣੇ ਬਾਣੇ ਨਾਲ ਲੋਹਾ ਲੈ ਰਹੇ ਸਨ, ਐਨ ਉਸੇ ਤਰਾਂ ਜਿਸਤਰਾਂ ਪੰਜਾਹ ਸਾਲ ਪਿਛੋਂ ਮਹੰਤਾਂ ਵਿਰੁਧ ਮੋਰਚੇ ਲਾਕੇ ਅਕਾਲੀ ਸੂਰਬੀਰਾਂ ਨੇ ਵਾਸਤਵ ਵਿਚ ਅੰਗਰੇਜ਼ੀ ਸਾਮਰਾਜ ਨਾਲ ਟੱਕਰ ਲਈ।

(ਇਨਸਾਫ ਦੀ ਤਕੜੀ ਤੇ ਤੋਲਿਆਂ ਮਾਲੂਮ ਹੋ ਜਾਇਗਾ ਕਿ ਗੁਰਦੁਆਰਾ ਸੁਧਾਰ ਲਹਿਰ ਕੇਵਲ ਗੁਰਦੁਆਰਿਆਂ ਦੀ ਅਜ਼ਾਦੀ ਨਾਲ ਹੀ ਵਾਸਤਾ ਰਖਦੀ ਸੀ, ਜਦੋਂ ਕਿ ਨਾਮਧਾਰੀਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਅੰਦਰੋਂ ਬਾਹਰੋਂ ਦੋਹੀਂ ਤਰਾਂ ਅੰਗ੍ਰੇਜ਼ਦੇ ਵਿਦੇਸ਼ੀਰਾਜ ਵਿਰੁਧ ਦੇਸ਼ ਦੀ ਜਨਤਾ ਨੂੰ ਉਭਾਰਿਆ ਸੀ-(ਸੰ:)

ਬਦੇਸ਼ੀ ਹਾਕਮਾਂ ਨੇ ਇਸ ਬਾਹਰ ਮੁਖੀ ਸਚਿਆਈ ਨੂੰ ਉਸੇ ਵੇਲੇ ਪਛਾਣ ਲਿਆ ਸੀ। ਇਸ ਲਈ ਉਹਨਾਂ ਇਸ ਮਾਮਲੇ ਨੂੰ ਨਵਾਬ ਦੇ ਹੱਥ ਨਹੀਂ ਸੀ ਰਹਿਣ ਦਿਤਾ, ਸਗੋਂ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਤੇ ਅੰਬਾਲੇ ਦਾ ਕਮਿਸ਼ਨਰ ਫੋਰਸਾਈਥ ਆਪ ਮੌਕੇ ਉਤੇ ਪਹੁੰਚੇ ਅਤੇ ਉਹਨਾਂ ਨੇ ਇਹ ਭਿਅੰਕਰ ਕਾਰਾ ਆਪ-ਣੀਆਂ ਅੱਖੀਆਂ ਸਾਹਵੇਂ ਸਿਰੇ ਚੜ੍ਹਾਇਆ।

੧੭ ਜਨਵਰੀ ਨੂੰ ੪੯ ਤੇ ੧੮ ਜਨਵਰੀ ਨੂੰ ੧੬ ਨਾਮਧਾਰੀ ਬਹਾਦਰਾਂ ਨੇ ਜਿਵੇਂ ਹੱਸ ਹੱਸ ਕੇ ਜਾਨਾਂ ਵਾਰੀਆਂ ਸਨ, ਉਹਨਾਂ ਦੀ ਕਰਨੀ ਦੀਆਂ ਧੁੰਮਾਂ ਚਹੁੰ ਕੂਟੀਂ ਫੈਲ ਗਈਆਂ ਅਤੇ ਸੀਨਾ ਬਸੀਨਾ ਸੁਣੀਆਂ ਬਾਤਾਂ ਲੋਕ ਅਜ ਵੀ ਬੜੇ ਦੇਸ਼ ਭਗਤਕ ਜੋਸ਼ ਨਾਲ ਪਾਉਂਦੇ ਹਨ।

ਪਿਛਲੇ ਸਾਲ ਦੇ ਸੰਮੇਲਨ ਸਮੇਂ ਇਹਨਾਂ ਸਤਰਾਂ ਦਾ ਲਿਖਾਰੀ ਆਪ ਕੂਕਿਆਂ ਦੇ ਕਲਰ ਵਿਖੇ ਪੁਜਿਆ ਸੀ ਤੇ ਇਸ ਵਿਸ਼ਾਲ ਰਕੜ ਦੀਉਹ ਪਵਿਤਰ ਧੂੜ ਉਸਨੇ ਆਪਣੇ ਮਥੇ ਲਾਈ ਸੀਜਿਸ ਵਿਚ ਸ਼ਹੀਦਾਂ ਦੇ ਸਰੀਰਾਂ ਦੀ ਬੋਟੀ੨ਰਲੀਪਈ ਹੈ।

ਉਸ ਮੌਕੇ ਇਸ ਨੇ ਇਹ ਤਜਵੀਜ਼ ਰਖੀ ਸੀਕਿ ਲਹੂ-ਰੰਗੇ ਮੈਦਾਨ ਵਿਚ ਅਜਾਦੀ ਦੇ ਇਹਨਾਂ ਯੋਧਿਆਂ ਦੀ ਕੋਈ ਅਜਿਹੀ ਯਾਦਗਾਰ ਉਸਰਨੀ ਚਾਹੀਦੀਹੈਜਿਹੜੀ ਉਹਨਾਂਦੀਕੁਰਬਾਨੀ ਦੇ ਤੁਲਹੋਵੇ।

ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ ਪੰਦਰਾਂ ਵਰ੍ਹੇ ਬੀਤਚੁਕੇ ਹਨ, ਪਰ ਇਸਪਾਸੇ ਅਜੇ ਧਿਆਨ ਨਹੀਂ ਦਿਤਾ ਗਿਆ। ਕੀ ਅਸੀਂ ਆਸ ਕਰੀਏ ਕਿ ਨਾਮਧਾਰੀ ਸੰਪਰਦਾ ਦੇ ਮੁਖੀ ਮਹਾਰਾਜ ਜਗਜੀਤ ਸਿੰਘ ਜੀ ਜੋ ਪੰਜਾਬ ਵਿਚ ਅਮਨ ਲਹਿਰ ਦੇ ਵੀ ਪਰਮੁਖ ਆਗੂਆਂ ਵਿਚੋਂ ਹਨ-ਇਸ ਸੁਆਲ ਨੂੰ ਹੱਥਵਿਚ ਲੈਣਗੇਅਤੇ ਸਭਨਾਂ ਧਿਰਾਂ ਨਾਲ ਅਪਣਾ ਵਿਸ਼ਾਲ ਰਸੂਖ ਵਰਤਦੇ ਹੋਏ ਇਸ ਤਜਵੀਜ਼ ਨੂੰ ਅਮਲੀਜਾਮਾਪੁਆਉਣਗੇ!ਇਹਕੱਲਰ ਨਿਰਾਕੱਲਰ ਹੀਨਹੀਂ ਰਹਿਣਾਚਾਹੀਦਾ ਇਸ ਵਿਚ ਦੇਸ਼ ਭਗਤੀ ਦਾ ਇਕ ਮਹਾਨ ਮੰਦਰ ਉਸਰਨਾ ਚਾਹੀਦਾਹੈ।

Namdhari Elibrary NamdhariElibrary@gmail.com

# ਏਹ ਕੌਣ ਨੇ !

[ਸ੍ਰੀ ਰਾਜਿੰਦਰ ਸਿੰਘ ਜੀ ਗੁਰੂਸਰ

ਮੇਰੇ ਮਿਤ੍ਰ, ਤੁਹਾਡੇ ਪੁਰਾਣੇ ਵਾਕਫ ਤੇ ਸਤਿਜੁਗ ਦੇ ਸਾਬਕਾ ਸੰਪਾਦਕ ਸ੍ਰੀ ਯੁਤ ਰਾਜਿੰਦਰ ਸਿੰਘ ਜੀ ਗੁਰੂ ਸਰੀ ਨੇ ਇਸ ਸਕੈੱਚ ਵਿਚ ਬਹੁਤ ਸੋਹਣੀ ਤਰਾਂ ਕਲਮ ਦਾ ਕਮਾਲ ਪੇਸ਼ ਕੀਤਾ ਹੈ। ਮਲੇਰ ਕੋਟਲੇ ਵਿਚ ਅੰਗਰੇਜ ਵਲੋਂ ਗੱਡੀਆਂ ਤੋਪਾਂ ਦੀ ਦਹਿਸ਼ਤ ਭਰੀ ਗੜਗੜਾਹਟ, ਵਿਦੇਸ਼ੀ ਗੁਲਾਮੀ ਦੇ ਖਿਲਾਫ ਪ੍ਰਥਮ ਸੰਗਰਾਮੀਏ ਨਾਮਧਾਰੀਆਂ ਦਾ ਨਿਡਰ ਮੌਤ-ਵਰਨ ਤੇ ਦਰਸ਼ਕਾਂ ਦੇ ਅੰਦਰਲੇ ਭਾਵਾਂ ਦਾ ਚਿਤ੍ਰਨ ਅੱਜ ਘਰ ਦੇ ਕੰਮੀ ਰੁਝੇ ਰਾਜਿੰਦਰ ਸਿੰਘ ਜੀ ਨੇ ਜਿਵੇਂ ਕਲਮ ਬੰਦ ਕੀਤਾ ਹੈ, ਇਹ ਉਨ੍ਹਾਂ ਦੀ ਸਾਹਿਤ ਨਾਲ ਨਿਰੰਤਰ ਪ੍ਰੀਤ ਦਾ ਪ੍ਰਗਟਾਵਾ ਕਰਦਾ ਹੈ।

ਰਾਜਿੰਦਰ ਸਿੰਘ ਜੀ ਤੋਂ ਏਹ ਆਸ ਰਖਣੀ ਬੇ ਜਾ ਨਹੀਂ ਕਿ ਉਹ ਨਾਮਧਾਰੀ ਜਗਤ ਦੀਆਂ ਕੁਝ ਪ੍ਰਸਿਧ ਤੇ ਅਪ੍ਰਸਿਧ ਘਟਨਾਵਾਂ ਨੂੰ ਕਲਮ ਬੰਦ ਕਰਕੇ ਸੰਚਿਤ ਰੂਪ ਵਿਚ ਪੰਜਾਬੀ ਪਾਠਕਾਂ ਨੂੰ ਦੇਣ।

[ਪ੍ਰੀਤਮ ਸਿੰਘ ਕਵੀ

ਓਹੋ.........! ਏਨਾਂ ਪਾਲਾ ਮੈਂ ਸਾਰੀ ਉਮਰਾਂ ਵਿਚ ਓਸੇ ਦਿਨ ਦੇਖਿਆ ਸੀ। ਪਹਾੜ ਦੀ ਹੱਦ ਦਰਜੇ ਦੀ ਠੰਢੀ ਸੀਤ ਹਵਾ। ਝਾੜ ਬੂਟ ਤੇ ਜੰਮਿਆਂ ਕੱਕਰ ਤੇ ਥਾਂ ਪਰਥਾਂ ਛਪੜੀਆਂ ਤੇ ਜੰਮੀ ਬਰਫ਼ ਦੀ ਬਰੀਕ ਪਪੜੀ। ਜਦੋਂ ਓਹ ਨਜ਼ਾਰਾ ਯਾਦ ਔਂਦਾ ਹੈ, ਅਜ ਵੀ ਮੇਰੇ ਜਿਸਮ ਵਿਚ ਕੰਬਣੀ ਛਿੜ ਪੈਂਦੀ ਹੈ, ਤੇ ਜੇਠ ਹਾੜ ਵਿਚ ਵੀ ਪਾਲੇ ਨਾਲ ਭਰ ਜਾਂਦਾ ਹਾਂ।

ਬਰਾਬਰ ਬਰਾਬਰ ਏਡੀ ਦਲੇਰੀ ਤੇ ਏਨਾਂ ਤਸ਼ਦਦ ਮੈਂ ਕਦੇ ਨਹੀਂ ਸੀ ਸੁਣਿਆ ਤੇ ਵੇਖਿਆ। ਨਾ ਏਧਰ ਇਨਕਾਰ ਤੇ ਨਾ ਓਧਰ ਹੀ ਕੰਜੂਸੀ ਦਿਸ ਰਹੀ ਸੀ।

ਫ਼ੜਕ ਫ਼ੜਕ ਪ੍ਰਵਾਨੇ ਭੁਜ ਰਹੇ ਸਨ। ਪਰ ਫੁਰਤੀਲੇ ਮਰਦਾਂ ਦੀਆਂ ਹਿਕਾਂ ਉਛਲਦੀਆਂ ਹੀ ਨਜ਼ਰ ਔਂਦੀਆਂ ਸਨ। ਚੁਫੇਰੇ ਫੌਜਾਂ ਦਾ ਘੇਰਾ, ਭਰੀਆਂ ਤੋੜੇਦਾਰ ਬੰਦੂਕਾਂ, ਕਾਲੇ ਦਿਓ ਨਾਲੋਂ ਡਰੌਣੀਆਂ ਤੇ ਸਰਾਲਾਂ ਦੀ ਤਰਾਂ ਲੰਮੀਆਂ ਭਾਰੀਆਂ ਦਹਾੜਦੀਆਂ ਤੋਪਾਂ। ਵੇਖਣ ਵਾਲੇ ਇਉਂ ਸਹਿਮੇ ਤੇ ਤ੍ਰਹੇ ਹੋਏ ਸਨ ਜਿਵੇਂ ਮਨੁਖਤਾਦੇ ਕਿਸੇ ਦੁਸ਼ਮਣ ਨੇ ਜਾਦੂ ਧੂੜ ਕੇ ਉਹਨਾਂ ਨੂੰ ਪਥਰ ਬਣਾ ਦਿਤਾ ਹੋਵੇ। ਇਉਂ ਜਾਪਦਾ ਸੀ, ਜ਼ਰਾ ਵੀ ਖੁਨਾਮੀ ਸਾਡੇ ਵਿਚ ਅੰਗ੍ਰੇਜ਼ ਨੂੰ ਦਿਸ ਪਈ ਤਾਂ ਪੱਥਰਾਂ ਦੇ ਇਕੋ ਕੜਾਕੇ ਨਾਲ ਸੈਂਕੜੇ ਪਲੀਤੇ ਧੁਖ ਉਠਣਗੇ ਤੇ ਪਲ ਦੀ ਪਲ ਵਿਚ ਲੋਥਾਂ ਦੇ ਢੇਰ ਲਗ ਜਾਣਗੇ।

ਆਮ ਲੋਕਾਂ ਵਿਚ ਏਨਾਂ ਡਰ ਵਿਆਪ ਰਿਹਾ ਸੀ ਕਿ ਅੰਗਰੇਜ਼ (ਕਾਵਨ) ਹਰ ਆਦਮੀ ਨੂੰ ਆਪਣੇ ਸਿਰਤੇ ਖਲੋਤਾ ਦਿਸ ਰਿਹਾ ਸੀ।

ਇਨਸਾਫ਼ ਤਾਂ ਮੈਨੂੰ ਪਤਾ ਨਹੀਂ ਕਿਸਦੇ ਹਕ ਵਿਚ ਸੀ, ਪਰ ਉਹਨਾਂ ਲੋਕਾਂ ਤੋਂ ਬਿਨਾਂ ਜਿੰਨ੍ਹਾਂ ਦੇ ਸੰਗੀ ਸਾਥੀ ਲੜਾਈ ਵਿਚ ਕੰਮ ਆਏ ਸਨ, ਸਭੋ ਤ੍ਰਾਹ ਤ੍ਰਾਹ ਕਰ ਰਹੇ ਸਨ।

ਮੈਂ ਵੇਖਦਾ ਸਾਂ–ਮੇਰੇ ਵਾਂਗ ਕਈਆਂ ਹੋਰਨਾਂ ਦਾ ਲਹੂ ਵੀ ਗਰਮ ਹੋ ਰਿਹਾ ਸੀ। ਜੀ ਕਰਦਾ ਸੀ ਭੱਜਕੇ ਸ਼ਹੀਦਾਂ ਦੀ ਫੌਜ ਵਿਚ ਜਾ ਰਲੀਏ ।

ਅਤੇ ਹੌਲੀ ਹੌਲੀ ਸਭ ਦਾ ਡਰ ਲੱਥ ਰਿਹਾ ਸੀ।

ਲੋਕੀਂ ਅੰਗਰੇਜ਼ ਤੇ ਦੰਦ ਪੀਂਹਦੇ ਵੀ ਕਿਤੇ ਕਿਤੇ ਨਜ਼ਰ ਔਂਦੇ ਸਨ। ਪਰ ਕੋਟਲੀਏ ਇਉਂ ਨਹੀਂ ਸਨ। ਓਹ ਕਹਿੰਦੇ ਸਨ ਸਰਕਾਰ ਦੇ ਮੁਕਾਬਲੇ ਦਾ ਨਤੀਜਾ ਏਹੋ ਜੇਹਾ ਹੀ ਨਿਕਲਨਾ ਸੀ।

ਸਾਹਮਣੇ ਦੋ ਨਜ਼ਾਰੇ ਸਨ:–ਓਧਰ-ਕਈ ਤੋਪਾਂ ਕੱਠੀਆਂ ਗਰਜਦੀਆਂ, ਲਾਲ ਲਾਟਾਂ ਵਿਚੋਂ ਕਾਲਾ ਧੂੰਆਂ ਉਠਦਾ ਤੇ ਬੰਦਿਆਂ ਦੇ ਧੜਾਂ ਨੂੰ ਧਮਾਕੇ ਨਾਲ ਅਸਮਾਨ ਵਿਚ ਇਉਂ ਖਿੰਡਾ ਪੁੰਡਾ ਦਿੰਦਾ ਜਿਵੇਂ ਵਰੋਲਾ ਕੱਖ ਵਲ੍ਹੇਟ ਖੜਦਾ ਹੈ ਤੇ ਝਟ ਪਿਛੋਂ ਅੱਡ ਅੱਡ ਹਿਸੇ ਲੱਤ, ਬਾਂਹ, ਸਿਰ ਹੇਠਾਂ ਧਰਤੀ ਤੇ ਆਣ ਡਿਗਦੇ। ਸਾਡੇ ਅੰਦਰੋਂ ਅੱਲਾ-ਅੱਲਾ ਯਾ ਖ਼ੁਦਾ ਰਹਿਮ ਕਰ ਦੇ ਕਲਮੇ ਉਠਦੇ ਤੇ ਮੂੰਹ ਤਕ ਔਂਦੇ ਔਂਦੇ ਹੀ ਠਰ ਜਾਂਦੇ। ਅਤੇ ਏਸਤਰਾਂ ਉਚੀ ਸਾਹ ਵੀ ਨਹੀਂ ਸਾਂ ਕਢਦੇ ਮਤੇ ਏਸ ਨਾਲ ਹੀ ਸਾਡੀ ਖਾਹਸ਼ ਕਿਸੇ ਨੂੰ ਸੁਣ ਜਾਏ।

ਏਧਰ–ਛੋਟੀ ਜੇਹੀ ਛਪੜੀ ਜੋ ਹੁਣੇ ਹੀ ਮੀਂਹ ਦੇ ਪਾਣੀ ਨਾਲ ਭਰੀ ਸੀ ਤੇ ਬਰਫ ਜੇਡੀ ਠੰਢੀ ਹਵਾ ਨਾਲ ਜਿਸਤੇ ਕੋਰੇ ਦੀ ਪਪੜੀ ਜੰਮ ਗਈ ਸੀ, ਚੜ੍ਹਦੇ ਸੂਰਜ ਦੀ ਲਾਲੀ ਨਾਲ ਲਾਲੋ ਲਾਲ ਹੋ ਉਠੀ। ਬਾਗੀ ਸਿਖਾਂ ਦੇ ਚਿਹਰੇ ਜਿਨ੍ਹਾਂ ਨੂੰ ਕੋਟਲੀਏ ਡਾਕੂ ਦਸਦੇ ਸਨ, ਭੱਠ ਪਏ ਲੋਹੇ ਵਾਂਗ ਤਪ ਰਹੇ ਸਨ। ਲਹੂ ਲਿਬੜੇ, ਪਾਟੇ ਤੇ ਮੈਲੇ ਲੀੜਿਆਂ ਵਿਚ ਓਹ ਇਉਂ ਲਗ ਰਹੇ ਸਨ ਜਿਵੇਂ ਓਡਾਂ ਦਾ ਲੀਰਾਂ ਵਲ੍ਹੇਟਿਆ ਸੋਨਾ ਸੂਰਜ ਰਿਸ਼ਮੀਆਂ ਨਾਲ ਕਿਸੇ ਪਾਸਿਓਂ ਚਮਕ ਉਠਿਆ ਹੋਵੇ।

ਏਨੇ ਕੱਕਰ ਵਿਚ ਵੀ ਬਾਗੀਆਂ ਦੇ ਪਿੰਡੇ ਭਖਦੇ ਤੇ ਉਡਦੇ ਉਡਦੇ ਦਿਸ ਰਹੇ ਸਨ। ਸਿਖਾਂ ਦੀ ਇਕ ਕਤਾਰ, ਜਿਨਾਂ ਕਿਸੇ ਇਸ਼ਾਰੇ ਦੇ, ਤੋਪਾਂ ਵਲ ਅਗੇ ਵਧ ਜਾਂਦੀ ਤੇ ਬਾਕੀਆਂ ਵਿਚੋਂ ਫੁਰਤੀ ਨਾਲ ਕਈ ਆਦਮੀ ਉਠਦੇ ਤੇ ਧੜੰਮ ਧੜੰਮ ਛਪੜੀ ਵਿਚ ਛਾਲਾਂ ਮਾਰ ਦਿੰਦੇ। ਬਾਹਰ ਨਿਕਲਦਿਆਂ ਪਿੰਡੇ ਦੀ ਭਾਫ ਨਾਲ ਵਲ੍ਹੇਟੇ ਹੋਏ ਚਿਹਰੇ ਇਉਂ ਖਿੜ ਉਠਦੇ ਜਿਵੇਂ ਧੁੰਦਲੀ ਰਾਤ ਵਿਚ ਟੁਟਿਆ ਤਾਰਾ ਨਿਖਰ ਪੈਂਦਾ ਹੈ।

ਓਸ ਮੌਤੋਂ ਬੁਰੀ ਚੁਪ ਵਿਚ ਮੇਰੇ ਕੋਲ ਖੜੋਤਾ ਮੋਟਾ ਲਾਲਾ, ਜਿੰਨੇ ਜ਼ੋਰ ਨਾਲ ਤੋਪ ਭੜਕਦੀ ਓਡੀ ਸੁਰ ਨਾਲ ਹਰੇ ਹਰੇ ਕਰ ਉਠਦਾ, ਤੇ ਦੂਸਰੇ ਬੰਨੇ ਜਦੋਂ ਢੋਲਕ ਤੇ ਧੱਫਾ ਪੈਂਦਾ ਓਦੋਂ ਵੀ ਓਹ ਬੁੜ੍ਹਕ ਬੁੜ੍ਹਕ ਉਠਦਾ ਤੇ ਪੱਬਾਂ ਭਾਰ ਹੋਕੇ ਰਾਮ ਰਾਮ ਕਰ ਕਰੌਂਦਾ। ਮੈਂ ਵੇਖਦਾ ਸਾਂ, ਢੋਲਕ ਹੌਲੀ ਹੋਣ ਤੇ ਓਹ ਇਉਂ ਤ੍ਰਭਕਦਾ ਜਿਵੇਂ ਚੋਰ ਸੰਨ੍ਹ ਵਿਚ ਫਸਿਆ ਡਰਕੇ ਕੰਨ ਬੋਚਦਾ ਹੈ।

ਇਕ ਨੀਲ ਪੋਸ਼ ਮੇਮ–ਜਿਸਦਾ ਚਿਟਾ ਮੂੰਹ ਹਰਿਆਲੀ ਵਿਚੋਂ ਨਿਕਲਦੇ ਚੰਦ ਵਾਂਗ ਲਿਸ਼ਕ ਰਿਹਾ ਸੀ, ਬਾਗੀਆਂ ਤੇ ਕਾਵਨ ਵਿਚਾਲੇ ਖਾਈ ਪੂਰਨ ਦੇ ਜਤਨਾਂ ਵਿਚ ਰੁਝੀ ਹੋਈ ਸੀ। ਓਸ ਭਿਆਨਕ ਸਮੇ ਵਿਚ ਮੇਮ ਦੀ ਸ਼ਾਨ ਰਣ-ਦੇਵੀ ਦੀ ਤਰ੍ਹਾਂ ਨਿਰਾਲੀ ਹੀ ਦਿਸ ਰਹੀ ਸੀ। ਮੈਨੂੰ ਨਹੀਂ ਪਤਾ ਓਹ ਸਿਖਾਂ ਨੂੰ ਕੀ ਕਹਿੰਦੀ ਸੀ ਤੇ ਅੰਗਰੇਜ਼ ਨੂੰ ਕੀ। ਅਚਾਨਕ ਹੀ ਓਹ ਤੋਪ ਅਗੇ ਖਲੋਤੇ ਹਸਨ ਜੇਹੇ ਇਕ ਹੁਸੀਨ ਬਚੇ ਨੂੰ ਲੈਕੇ ਸਾਹਬ ਦੇ ਜਾ ਪੇਸ਼ ਹੋਈ। ਜਿਉਂ ਹੀ ਦੋਹਾਂ ਵਿਚਾਲਿਓਂ ਹਟੀ, ਕਾਵਨ ਦੀ ਦਾੜ੍ਹੀ ਸਿਖ ਬਚੇ ਦੇ ਹੱਥ ਵਿਚ ਸੀ। ਜਿਸਦੇ ਝਟ ਹੀ ਇਕ ਨਿਰਦਈ ਸਿਪਾਹੀ ਨੇ ਹੱਥ ਤੇ ਸਿਰ ਵੱਢ ਦਿਤੇ। ਵੱਢਿਆ ਹੱਥ ਅਜੇ ਵੀ ਕਾਵਨ ਦੀ ਦਾਹੜੀ ਨਾਲ ਲਮਕ ਰਿਹਾ ਸੀ।

ਅਸੀਂ ਵੇਖ ਰਹੇ ਸਾਂ–ਬੱਚੇ ਦੇ ਇਕੋ ਝਟਕੇ ਨੇ ਅੰਗਰੇਜ਼ ਦੀ ਸਾਰੀ ਸ਼ੁਹਰਤ ਨੂੰ ਮਿਟੀ ਵਿਚ ਰੋਲ ਦਿਤਾ ਤੇ ਅਸੀਂ ਸਮਝ ਲਿਆ ਸੀ ਕਿ

Namdhari Elibrary NamdhariElibrary@gmail.com

ਅੰਗਰੇਜ਼ ਵੀ ਇਕ ਬੰਦਾ ਹੀ ਹੈ। ਜੇ ਔਰੰਗਜ਼ੇਬ ਨਹੀਂ ਰਿਹਾ ਤਾਂ ਰਹਿਣਾਂ ਏਸ ਵੀ ਨਹੀਂ।

ਅਸੀਂ ਭਾਵੇਂ ਬਹੁਤ ਕੁਝ ਜਾਣ ਚੁਕੇ ਸਾਂ, ਪਰ! ਫੇਰ ਵੀ ਹੈਰਾਨ ਸਾਂ ਕਿ ਏਹ ਹੈਨ ਕੌਣ? ਤੇ ਮੇਰੇ ਪਿਛੇ ਖਲੋਤੇ ਇਕ ਗਭਰੇਟੇ ਨੇ ਦਸਿਆ– ਭੈਣੀ ਸਾਹਿਬ ਪੈਗ਼ੰਬਰ ਨੇ ਜਨਮ ਲਿਆ ਹੈ, ਜੋ ਅੰਗਰੇਜ਼ ਨੂੰ ਹਿੰਦ ਤੋਂ ਬਹਾਰ ਧੱਕਕੇ ਆਪਣੀ ਹਕੂਮਤ ਬਣੀਨੌ ਚਾਹੁੰਦਾ ਹੈ ਤੇ ਏਹ ਓਸੇ ਦੀ ਫੌਜ ਹੈ ਜੋ ਤੋਪਾਂ ਅਗੇ ਫ਼ੀਤਾ ਫ਼ੀਤਾ ਹੋਕੇ ਉਡ ਰਹੀ ਹੈ। ਏਹਨਾਂ ਦੀ ਅਗਵਾਈ ਔਹ ਸਫੈਦ ਝੰਡਿਆਂ ਵਾਲੀਆਂ ਦੋ ਔਰਤਾਂ ਕਰ ਰਹੀਆਂ ਨੇ!

---:o:---

# ਰੋਜ਼ੀ ਪ੍ਰੀਤਮ

[ਵਲੋਂ ਸ੍ਰੀਮਾਨ ਮਹੰਤ ਸੰਪੂਰਨ ਸਿੰਘ ਅਹੀਆ ਪੁਰ

ਬਤਰਜ਼–ਆਂਖੋਂ ਸੇ ਇਕ ਤਾਰਾ ਟੂਟਾ, ਮਿੱਟੀ ਮੇਂ ਮਿਲ ਜਾਏ ਹੋ!

ਚੀਨੀ ਅਸਵਾਰਿਆ,ਧਾਰੂਵੇਂ ਅਵਤਾਰਿਆ,ਮੈਨੂੰ ਵੀ ਤੂੰ ਤਾਰ ਦੇ ਜਗ ਨੂੰ ਤੈਂ ਤਾਰਿਆ।

ਸਾਰੇ ਲੋਕੀਂ ਦੇਣ ਵਧਾਈਆਂ ਸਦਾ ਕੌਰ ਦੇ ਤਾਈਂ,
ਪੈਦਾ ਇਹੋ ਆਪ ਹੈ ਹੋਇਆ ਸਾਰੇ ਜਗ ਦਾ ਸਾਂਈਂ,
ਸਦਾ ਕੌਰ ਦੇ ਤਾਰਿਆ, ਜਗ ਦੇ ਸਹਾਰਿਆ,
ਮੈਨੂੰ ਵੀ ਤੂੰ ਤਾਰ ਦੇ ਜਗ ਨੂੰ ਤੈਂ ਤਾਰਿਆ। ਚੀਨੀ ਅਸਵਾਰਿਆ.........!
ਨੂਰ ਇਲਾਹੀ ਮੁਖੜਾ ਚਮਕੇ, ਜੋਤ ਨੂਰਾਨੀ ਆਈ।
ਚਾਨਣ ਸਾਰੇ ਜਗ ਤੇ ਹੋਇਆ, ਮਿਟਿਆ ਪਾਪ ਲੁਕਾਈ।
ਰਾਏ ਸਿੰਘ ਤਾਰਿਆ, ਸ਼ੇਰ ਤੋਂ ਉਬਾਰਿਆ।
ਮੈਨੂੰ ਵੀ ਤੂੰ ਤਾਰ ਦੇ, ਜਗ ਨੂੰ ਤੈਂ ਤਾਰਿਆ। ਚੀਨੀ ਅਸਵਾਰਿਆ।
ਕੌਤਕ ਜੋ ਜੋ ਸਤਿਗੁਰ ਕੀਤੇ, ਗਿਣੇ ਨ ਮੈਥੋਂ ਜਾਂਦੇ।
ਗੋਲੀ–ਪੰਥ ਵਧੇਰੇ ਭਾਰੀ, ਦੋਵੇਂ ਭਾਈ ਚਾਂਦੇ।
ਭੈਣੀ ਦੇ ਪਿਆਰਿਆ, ਜੱਸੇ ਦੇ ਸਹਾਰਿਆ।
ਮੈਨੂੰ ਵੀ ਤੂੰ ਤਾਰ ਦੇ ਜੱਗ ਨੂੰ ਤੈਂ ਤਾਰਿਆ। ਚੀਨੀ ਅਸਵਾਰਿਆ।
ਯਾਦ ਤੇਰੀ ਵਿਚ ਚੀਨੀ ਵਾਲੇ ਕਈ ਜਾਨਾਂ ਤੁਰ ਗਈਆਂ।
ਕੂਕਾਂ ਮਾਰਨ ਕੂਕੇ ਹਰਦਮ, ਕੰਨੀਂ ਕਿਉਂ ਨ ਪਈਆਂ।
ਆ! ਬਸੰਤ ਦੇ ਮਾਲੀਆ, ਦੁਨੀਆਂ ਦੇ ਪਾਲੀਆ।
ਸੰਪੂਰਨ ਤੇਰਾ ਖਾਲੀ ਆ, ਆ ਕੇ ਰੰਗ ਚਾੜ੍ਹ ਦੇ!
ਮੈਨੂੰ ਵੀ ਤੂੰ ਤਾਰ ਦੇ!

--:o:--

# ਨਾਰੀ ਉਪਕਾਰਕ-
# ਚੀਨੀ ਵਾਲਾ

[ਸ੍ਰੀ ਸੁਖਰਾਜ ਸਿੰਘ ਜੀ ਦੇਹਰਾ ਦੂਨ

ਸਤਿਜੁਗ ਦੇ ਪਾਠਕਾਂ ਦੀ ਸੇਵਾ ਵਿਚ ਮੈਨੂੰ ਅਜ ਇਕ ਨਵਾਂ ਨਾਮਧਾਰੀ ਲੇਖਕ ਪੇਸ਼ ਕਰਦਿਆਂ ਮਹਾਨ ਖੁਸ਼ੀ ਹੋ ਰਹੀ ਹੈ। ਸ੍ਰੀ ਸੁਖਰਾਜ ਸਿੰਘ ਜੀ ਉਹਨਾਂ ਨੌਜਵਾਨਾਂ ਚੋਂ ਹਨ ਜਿਨ੍ਹਾਂ ਪਿਛਲੇ ਭਾਦਰੋਂ ਪਰਯੋਗ ਸਮੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਟਕਸਾਲ ਵਿਚ ਮਹੀਨਾਂ ਭਰ ਸ੍ਰੀ ਭੈਣੀ ਸਾਹਿਬ ਬਿਤਾਇਆ ਸੀ। ਪਿਆਰਾ, ਛੀਟਕਾ ਤੇ ਹੋਣਹਾਰ ਸੁਖਰਾਜ ਸਿੰਘ ਨਾਮਧਾਰੀ ਪੰਥ ਵਿਚ ਪ੍ਰਸਿਧ ਡਾ: ਕਪੂਰ ਸਿੰਘ ਜੀ ਗੁਜਰਾਂ ਵਾਲੇ ਦਾ ਸਯੋਗ ਸਪੁਤ੍ਰ ਹੈ। ਅਤੇ ਅਜ ਕਲਮ ਦੀ ਸੇਵਾ ਉਠਾਕੇ ਜਿਵੇਂ ਉਸਨੇ ਨਾਮਧਾਰੀ ਸਮਾਜ ਦੇ ਚੰਗੇ ਮੈਂਬ੍ਰ ਦਾ ਪਾਰਟ ਅਦਾ ਕੀਤਾ ਹੈ, ਮੈਨੂੰ ਆਸ ਹੈ ਕਿ ਇਸਦੀ ਹਰੇਕ ਪਾਠਕ ਦਾਦ ਦੇਵੇ ਗਾ।

ਏਹ ਆਸ ਕਰਨਾ ਅਨੁਚਿਤ ਨਹੀਂ ਕਿ ਇਹ ਕਲਮ ਸਦਾ ਹੀ ਨਾਮਧਾਰੀ ਪੰਥ ਦੇ ਹਿਤ ਵਿਚ ਚਲਦੀ ਰਹੇਗੀ। [ਪ.ਸ.ਕ.

ਨਾਰੀ ਜਾਤਿ ਦੀ ਦਸ਼ਾ ਸਾਰੇ ਸੰਸਾਰ ਵਿਚ ਹੀ ਸ਼ੁਰੂ ਤੋਂ ਡਾਢੀ ਤਰਸ ਯੋਗ ਰਹੀ ਹੈ। ਕੁਝ ਇਕ ਸਿਰ ਕੱਢ ਦੇਵੀਆਂ ਨੂੰ ਛੱਡਕੇ ਇਸ ਜਾਤਿ ਦਾ ਇਤਿਹਾਸ ਮੁਢ ਤੋਂ ਹੀ ਦੁਖਾਂ ਤੇ ਕਸ਼ਟਾਂ ਭਰਿਆ ਰਿਹਾ ਹੈ। ਬਰਾਬਰੀ ਦਾ ਦਾਵਾ ਕਰਨਵਾਲੇ ਮਨੁਖ ਨੇ ਇਸਨੂੰ ਕੇਵਲ ਆਪਣੀ ਵਾਸ਼ਨਾ ਪੂਰਤੀ ਦਾ ਸਾਧਨ, ਆਪਣਾ ਨਿਜ ਦਾ ਸੇਵਕ ਤੇ ਪੈਰ ਦੀ ਜੁਤੀ ਹੀ ਸਮਝਿਆ। ਆਪਣੇ ਇਸ ਨੀਚ ਮਨੋਰਥ ਦੀ ਪੂਰਤੀ ਲਈ ਮਨੁਖ ਨੇ ਨਾਰੀ ਨੂੰ ਹਰ ਤਰ੍ਹਾਂ ਨਾਲ ਪੱਛੜਿਆਂ ਰਖਣ ਦੇ ਜਤਨ ਕੀਤੇ ਤਾਂ ਜੋ ਕਿਸੇ ਸਮੇਂ ਵੀ ਇਸ ਅੰਦਰ ਜਾਗ੍ਰਿਤੀ ਨ ਆ ਜਾਵੇ। ਵਿਦਿਆ ਦੇ ਦਰਵਾਜ਼ੇ ਇਸ ਲਈ ਬੰਦ ਕਰ ਦਿਤੇ ਗਏ, ਧਰਮ-ਸਥਾਨਾਂ ਵਿਚ ਇਸ ਨੂੰ ਪੈਰ ਰਖਣ ਤੋਂ ਵੀ ਰੋਕ ਦਿਤਾ ਗਿਆ, ਧਾਰਮਕ ਗ੍ਰੰਥਾਂ ਨੂੰ ਪੜ੍ਹਨ ਤੋਂ ਇਨਕਾਰ ਕੀਤਾ ਗਿਆ ਅਤੇ ਰੱਬ ਦੀ ਸਮੂਹਕ ਪੂਜਾ ਵਿਚੋਂ ਵਰਜ ਦਿਤਾ ਗਿਆ! ਕਈ ਤਰ੍ਹਾਂ ਦੀਆਂ ਕਹਾਵਤਾਂ ਤੇ ਝੂਠੀਆਂ ਕਹਾਣੀਆਂ ਘੜ ਘੜ ਕੇ ਨਾਰੀ ਦੇ ਮਨ ਤੇ ਇਹ ਉਲੀਕ ਹੀ ਦਿਤਾ ਕਿ ਉਹ ਸਚਮੁਚ ਨੀਚ ਹੀ ਹੈ, ਮਰਦ ਦੇ ਪੈਰ ਦੀ ਜੁਤੀ ਹੀ ਹੈ, ਉਹਦੀ ਅਕਲ ਗੁਤ ਪਿਛੇ ਹੀ ਹੈ। 'ਦੇਣਾ ਭਲਾ ਨ ਬਾਪ ਦਾ ਬੇਟੀ ਭਲੀ ਨ ਏਕ।'-ਤੇ-'ਮੁੰਡੇ ਰੌਲਾਂ ਤੇ ਰੰਨਾਂ ਤਿੰਨੇ ਉਜਾੜੇ ਦਾ ਬੀਨਾ।' ਆਦਕ ਕਹਾਵਤਾਂ ਬਰਾਬਰੀ ਦੇ ਦਾਵੇਦਾਰ ਮਨੁਖ ਦੀ 'ਬਰਾਬਰੀ' ਦੀ ਮੂੰਹ ਬੋਲਦੀ ਤਸਵੀਰ ਹਨ। ਵਡੇ ਵਡੇ ਵਿਦਵਾਨ ਵੀ ਨਾਰੀ ਨੂੰ ਨਿੰਦਣ ਦੇ ਪ੍ਰਭਾਵ ਤੋਂ ਨ ਬਚ ਸਕੇ। ਵਾਰਸ ਸ਼ਾਹ ਦੀ ਕਲਮ ਵੀ ਬੋਲ ਉਠੀ:-

'ਹਿੰਮਤ ਬਾਝ ਜੁਆਨ, ਬਿਨ ਹੁਸਨ ਦਿਲਬਰ,
ਲੂਣ ਬਾਝ ਤੁਆਮ ਦਰਕਾਰ ਨਾਹੀਂ।
ਵਾਰਸ ਰੰਨ, ਫਕੀਰ, ਤਲਵਾਰ, ਘੋੜਾ,
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।

Namdhari Elibrary NamdhariElibrary@gmail.com

ਸਵਾਮੀ ਤੁਲਸੀ ਦਾਸ ਜੀ ਦਾ ਕਥਨ ਹੈ:–
ਸ਼ੂਦਰ ਗਵਾਰ ਢੋਰਿ ਅਰੁ ਨਾਰੀ,
ਯਹਿ ਸਬ ਤਾੜਨ ਕੇ ਅਧਿਕਾਰੀ।

ਉਹਨਾਂ ਦੇ ਵਕਤ ਦੀ ਨਾਰੀ ਦੀ ਦੁਰਦਸ਼ਾ ਦੀ ਇਹਸਾਫ਼ ਤਸਵੀਰ ਹੈ । 'Frailty, thy name is Woman' (ਕਮਜ਼ੋਰੀ, ਤੇਰਾ ਨਾਂ ਹੀ ਇਸਤ੍ਰੀ ਹੈ) ਪਛੱਮੀ ਦੇਸ਼ਾਂ ਦੇ ਲੋਕਾਂ ਦਾ ਵਿਸ਼ਵਾਸ ਸੀ। ਉਹਨਾਂ ਦੀ ਤਾਂ ਇਹ ਵੀ ਰਾਇ ਸੀ ਕਿ ਵਫ਼ਾ-ਦਾਰ ਨਾਰੀ ਨੂੰ ਲੱਭਣ ਲਈ, ਗੈਲਿਲੀਉ ਦੀ ਦੂਰਬੀਨ ਨਾਲ ਚੰਨ ਲੋਕ ਤੇ ਦੇਖਣਾਂ ਪਵੇਗਾ। ਕਹਿਣ ਤੋਂ ਭਾਵ ਕਿ ਐਸਾ ਵਿਸ਼ਵਾਸ ਪ੍ਰਚਲਤ ਕਰ ਦਿਤਾ ਗਿਆ ਕਿਨਾਰੀ ਵਫ਼ਾਦਾਰਹੋ ਹੀ ਨਹੀਂ ਸਕਦੀ।

ਹਿੰਦੁਸਤਾਨ ਦੇ ਅੰਦਰ, ਸਤਿਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਨਾਰੀ ਦੇ ਹੱਕ ਵਿਚ ਨਾਹਰਾ ਲਇਆ 'ਸੋ ਕਿਉ ਮੰਦਾ ਅਖੀਐ ਜਿਤੁ ਜੰਮਹਿ ਰਾਜਾਨ'। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਹੋਰ ਭੈੜੀਆਂ ਸਮਾਜਕ ਰਵਾਇਤਾਂ ਦੇ ਨਾਲ ਨਾਲ ਸਤੀ ਪ੍ਰਥਾ ਵੀ ਚਾਲੂ ਸੀ। ਤ੍ਰਿਪਤਾ ਦੇ ਲਾਲ ਨੇ ਸਤੀ ਪ੍ਰਥਾ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਜ਼ੂਰ ਨੇ ਫੁਰਮਾਇਆ:– 'ਸਤੀਆ ਏਹਿ ਨ ਆਖੀਅਨਿ ਜੁ ਮੜਿਆ ਲਗ ਜਲੰਨਿ। ਸਤੀਆਂ ਸੇਈ ਨਾਨਕਾ ਜਿ ਬਿਰਹਾ ਚੋਟ ਮਰੰਨਿ।' ਗੁਰੂ ਨਾਨਕ ਦਾ ਹੁਕਮ ਸੀ ਕਿ ਸੰਸਾ-ਰਕ ਪਤੀ ਦੇ ਕਾਲਵਸ ਹੋਣ ਤੇ, ਪਤੀ ਪਰਮੇਸ਼ੁਰ ਨੂੰ ਭੁਲ ਕੇ, ਸੰਸਾਰਕ ਦੁਖਾਂ ਤੋਂ ਡਰਦਿਆਂ ਹੋਇਆਂ ਆਤਮ ਹੱਤਯਾ ਕਰ ਲੈਣਾ ਪਾਪ ਹੈ, ਬੁਜ਼ਦਿਲੀ ਹੈ, ਕਾਇਰਤਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਡੇ ਸਮਾਜ ਵਿਚੋਂ ਜਿਥੇ ਹੋਰ ਬਹੁਤ ਸਾਰੀਆਂ ਕੁਰਹਿਤਾਂ ਕੱਢੀਆਂ ਉਥੇ ਨਾਰੀ ਨੂੰ ਵੀ ਸਮਾਜ ਵਿਚ ਸਤਿਕਾਰ ਦੁਆਇਆ।

ਬਾਬੇ ਬੰਦੇ ਬਹਾਦਰ ਜੀ ਪਿਛੋਂ ਤੇ ਸਿਖ ਮਿਸਲਾਂ ਦੀ ਹੋਂਦ ਤੋਂ ਬਾਦ ਖਾਸ ਕਰ ਕੇ, ਸਿਖੀ ਜਿਵੇਂ ਖੰਭ ਲਾ ਕੇ ਉਡ ਗਈ। ਧਾਰਮਕ ਤੇ ਰਾਜਨੈਤਿਕ ਗਿਰਾਵਟ ਦੇ ਨਾਲ ਨਾਲ ਸਿਖਾਂ ਦਾ ਸਮਾਜਕ ਜੀਵਨ ਵੀ ਬਾਕੀ ਦੇ ਹੋਰ ਸਮਾਜ ਵਾਂਗ ਬਹੁਤ ਹੀ ਨੀਵਾਂ ਹੋ ਗਿਆ। ਨਾਰੀ ਦੀ ਹਾਲਤ ਤਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾਂ ਦੀ ਹਾਲਤ ਤੋਂ ਵੀ ਚੋਖੀ ਤਰਸ ਯੋਗ ਹੋ ਗਈ। ਗੁਰੂ ਨਾਨਕ ਦੇਵ ਜੀ ਦੀ ਅਵਾਜ਼ ਨੂੰ ਲੋਕਾਂ ਅਨਸੁਣਿਆਂ ਕਰ ਦਿਤਾ ਸੀ। ਵਿਦਿਅਕ, ਧਾਰਮਿਕ ਤੇ ਸਮਾਜਿਕ ਪੱਖ ਤੋਂ ਨਾਰੀ ਨੂੰ ਉਕਾ ਹੀ ਸੱਖਣਾਂ ਕਰ ਦਿਤਾ ਗਿਆ। ਪਸ਼ੂਆਂ ਵਾਂਗ ਕੁੜੀਆਂ ਤੇ ਅਧੇੜ ਉਮਰ ਦੀਆਂ ਇਸਤ੍ਰੀਆਂ ਨੂੰ ਵੇਚਿਆ ਜਾਣ ਲਗਿਆ। ਬਾਲ ਵਿਆਹ ਦੀ ਭੈੜੀ ਰਸਮ ਕਾਰਨ ਕਿੰਨੀਆਂ ਹੀ ਕਲੀਆਂ ਖਿਲਣ ਤੋਂ ਪਹਿਲਾਂ ਹੀ ਮੁਰਝਾ ਜਾਂਦੀਆਂ ਸਨ। (ਅਫਸੋਸ ਨਾਲ ਕਹਿਣਾ ਪੈਂਦਾਹੈ ਕਿ ਇਸਤ੍ਰੀਆਂ ਦੀ ਖਰੀਦੋ ਫਰੋਖਤ ਅੱਜ ਵੀ ਚੋਰੀ ਛਪੇ ਜਾਰੀ ਹੈ–ਸੰ: ) ਇਸ ਤਰ੍ਹਾਂ ਬਹੁਤ ਸਾਰੇ ਸਰੀਰਕ ਰੋਗ ਵੀ ਸਮਾਜ ਵਿਚ ਆਮ ਹੋ ਗਏ। ਦਾਜ ਦੇ ਭਾਰੇ ਬੋਝ ਨਾਲ ਤਾਂ ਸਮਾਜ ਦਾ ਵਿਚਲਾ ਤੇ ਗਰੀਬ ਹਿਸਾ ਬੁਰੀ ਤਰ੍ਹਾਂ ਕੁਰਲਾ ਰਿਹਾ ਸੀ। ਸਮਾਜ ਦੀ ਮੰਡੀ ਵਿਚ, ਵੇਦੀ ਦੀ ਰੇੜ੍ਹੀ ਤੇ ਕੁੜੀਆਂ ਤੇ ਮੁੰਡਿਆਂ ਦੀ ਨਿਲਾਮੀ ਹੁੰਦੀ ਸੀ। ਦਾਜ ਦੇ ਬੋਝ ਤੋਂ ਬਚਨ ਲਈ ਹੀ, ਕੁੜੀਆਂ ਨੂੰ ਜੰਮਦੇ ਸਾਰ ਮਾਰ ਦੇਣ ਦੀ ਕੋਝੀ ਰਿਵਾਇਤ ਵੀ ਸ਼ੁਰੂ ਹੋ ਗਈ। ਉਜਾੜਾਂ, ਨਦੀਆਂ ਨਾਲਿਆਂ ਵਿਚ, ਦਰਖਤਾਂ ਦੇ ਝੁੰਡਾਂ ਵਿਚ, ਨਿਕੀਆਂ ਨਿਕੀਆਂ ਬਚੀਆਂ ਦੀਆਂ, ਪੁਰਾਣੇ ਕਪੜਿਆਂ ਵਿਚ ਲਪੇਟਿਆਂ, ਬੋਰਿਆਂ ਵਿਚ ਬੰਦ ਲਾਸ਼ਾਂ ਆਮ ਮਿਲ ਜਾਂਦੀਆਂ ਸਨ।

ਵਿਧਵਾ ਬੀਬੀਆਂ ਦੀ ਹਾਲਤ ਤਾਂ ਬਹੁਤ ਤਰਸਯੋਗ ਸੀ। ਵਿਧਵਾ ਵਿਆਹ ਤੇ ਵੀ ਕੜੀ ਪਾਬੰਦੀ ਸੀ। 'ਖਸਮ ਨੂੰ ਖਾਣੀ' 'ਕਲਜੋਗਣ' ਤੇ 'ਡੈਣ' ਸ਼ਬਦਾਂ ਨਾਲ ਵਿਧਵਾ ਨਾਰੀਆਂ ਨੂੰ ਦੁਰਕਰਿਆ ਜਾਂਦਾ ਸੀ। ਮਾਤਾ ਪਿਤਾ ਵਲੋਂ ਤਾਂ ਵਿਆਹ ਵੇਲੇ ਹੀ ਉਹਨਾਂ ਦਾ ਰਿਸ਼ਤਾ ਟੁਟ ਜਾਂਦਾ ਸੀ, ਪਰ ਪਤੀ ਦੇ ਮਰਨ ਤੇ ਸਹੁਰੇ ਵੀ ਛਡ ਦਿੰਦੇ

Namdhari Elibrary NamdhariElibrary@gmail.com

ਸਨ। ਸਮਾਜ ਦੇ ਕਿਸੇ ਵੀ ਖੁਸ਼ੀ ਦੇ ਮੌਕੇ ਤੇ ਉਹਨਾਂ ਦੀ ਹੋਂਦ ਵੱਡਾ ਅਪਸ਼ਗਨ ਮੰਨਿਆ ਜਾਂਦਾ ਸੀ। ਲੋਕ ਉਹਨਾਂ ਦੇ ਪਰਛਾਵੇਂ ਤੋਂ ਵੀ ਡਰਦੇ ਸਨ। ਨ ਚੰਗਾ ਖਾਣ ਨੂੰ ਮਿਲਦਾ ਸੀ ਤੇ ਨ ਹੀ ਪਹਿਨਣ ਨੂੰ। ਢਿੱਡ ਦੀ ਅੱਗ ਨੂੰ ਸ਼ਾਂਤਿ ਕਰਨ ਲਈ, ਸਮਾਜ ਦੇ ਗੰਦੇ ਤੋਂ ਗੰਦੇ ਕੰਮ ਕਰਨ ੋ ਉਹ ਮਜਬੂਰ ਹੋ ਜਾਂਦੀਆਂ ਸਨ। ਸਮਾਜ ਦੇ ਅਤਿਆਚਾਰ ਦੇ ਕਾਰਨ ਹੀ ਕਈ ਸ਼ਰੀਫ਼ ਵਿਧਵਾ ਬੀਬੀਆਂ ਵੀ ਵੇਸਵਾ ਦੇ ਰੂਪ ਵਿਚ ਆਪਣਾ ਤਨ ਵੇਚਨ ਤੇ ਮਜਬੂਰ ਹੋ ਗਈਆਂ। ਰੱਜ ਕੇ ਗ਼ਮ ਉਹ ਖਾਂਦੀਆਂ ਸਨ ਤੇ ਅੱਥਰੂ ਉਹ ਪੀਂਦੀਆਂ ਸਨ। ਇਸਤਰ੍ਹਾਂ ਗੋਹਿਆਂ ਦੀ ਤਰ੍ਹਾਂ ਧੁਖ ਧੁਖ ਕੇ ਉਹ ਆਪਨੀ ਜੀਵਨ ਲੀਲ੍ਹਾ ਸਮਾਪਤ ਕਰ ਲੈਂਦੀਆਂ ਸਨ। ਸਮਾਜ ਵਲੋਂ ਨਾਰੀ ਤੇ ਅੱਤ ਦਰਜੇ ਦੇ ਅਤਿਆਚਾਰ ਕਾਰਨ ਹੀ ਸਤੀ ਪ੍ਰਥਾ ਵੀ ਸ਼ੁਰੂ ਹੋ ਗਈ ਅਤੇ ਇਸ ਅੱਗ ਨੇ ਛੇਤੀ ਹੀ ਸਾਰੇ ਦੇਸ ਨੂੰ ਆਪਣੀ ਲਪੇਟ ਵਿਚ ਲੈ ਲਿਆ। ਸਮਾਜਕ ਤਸੀਹਾਂ ਤੋਂ ਡਰਦਿਆਂ ਹੋਇਆਂ ਕਈ ਨਾਰੀਆਂ ਆਪਨੇ ਪਤੀ ਦੀ ਲਟ ਲਟ ਬਲਦੀ ਚਿਤਾ ਵਿਚ ਹੀ ਸੜ ਮਰਦੀਆਂ ਸਨ। ਜੇਹੜੀਆਂ ਸਤੀ ਨਹੀਂ ਹੋਣਾ ਚਾਹੁੰਦੀਆਂ ਸਨ, ਉਹਨਾਂ ਨੂੰ ਜ਼ਬਰਦਸਤੀ ਹੀ ਅੱਗ ਦੀ ਭੇਟ ਕਰ ਦਿਤਾ ਜਾਂਦਾ ਸੀ। ਪਰ ਕੀ ਮਜਾਲ, ਕਿਸੇ ਵੀ ਸਮਾਜ ਸੁਧਾਰਕ ਦੇ ਕੰਨ ਤੇ ਜੂੰ ਵੀ ਸਰਕਦੀ।

ਸਤਿਗੁਰੂ ਰਾਮ ਸਿੰਘ ਜੀ ਨੇ ਦੇਸ਼ ਦੀ ਸੁਤੀ ਹੋਈ ਆਤਮਾਂ ਨੂੰ ਹਲੂਣਾ ਦਿਤਾ ਅਤੇ ਹਜ਼ੂਰ ਨੇ ਫੁਰਮਾਇਆ:–'ਐ ਰੱਬ ਦੀਆਂ ਬੇਜਾਨ ਯਾਦਗਾਰਾਂ ਨੂੰ ਪੂਜਣ ਵਾਲਿਓ, ਉਸ ਦੀਆਂ ਜੀਉਂਦੀਆਂ ਯਾਦਗਾਰਾਂ ਤੇ ਅਤਿਆਚਾਰ ਕਰਕੇ ਤੁਸੀਂ ਉਸ ਮਾਲਕ ਦੀ ਖੁਸ਼ੀ ਨਹੀਂ ਲੈ ਸਕਦੇ, ਜਿਸਨੂੰ ਖੁਸ਼ ਕਰਨ ਲਈ ਤੁਸੀਂ ਗੁਰਦਵਾਰਿਆਂ, ਮੰਦਰਾਂ ਤੇ ਮਸੀਤਾਂ ਵਿਚ ਕਈ ਤਰ੍ਹਾਂ ਦੇ ਪਾਖੰਡ ਕਰਦੇ ਹੋ। ਯਾਦ ਰਖੋ, ਅਕਾਲ ਪੁਰਖ ਦੇ ਦਰ ਤੇ ਪੁਜੀ ਨਾਰੀ ਦੀ ਇਕੋ ਆਹ ਨੇ ਤੁਹਾਡੇ ਸਾਰੇ ਪਾਖੰਡਾਂ ਦਾ ਭਾਂਡਾ ਚੁਰਾਹੇ ਵਿਚ ਭੰਨ ਦੇਣਾ ਹੈ।' ਹਜ਼ੂਰ ਨੇ ਗੁਰੂ ਨਾਨਕ ਦੇਵ ਜੀ ਦਾ ਨਾਹਰਾ ਫਿਰ ਗੂੰਜਾ ਦਿਤਾ:–

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।

ਸਮਾਜ ਦੇ ਤੇ ਖਾਸ ਕਰ ਨਾਰੀ ਦੇ ਭਲੇ ਨੂੰ ਮੁਖ ਰਖਦੇ ਹੋਏ ਮੇਰੇ ਚੀਨੀ ਵਾਲੇ ਪ੍ਰੀਤਮ ਨੇ ੨ ਜੂਨ ਸੰਨ ੧੮੬੩ ਈ: ਨੂੰ ਖੋਟੇ ਪਿੰਡ ਵਿਖੇ ਆਨੰਦ ਮਰਯਾਦਾ ਪ੍ਰਾਰੰਭ ਕੀਤੀ। ਇਹ ਮਰਯਾਦਾ ਬੜੀ ਸਾਦੀ ਜੇਹੀ, ਪਵਿਤਰ ਤੇ ਸਾਦਗੀ ਭਰੀ ਸੀ। ਵਾਧੂ ਤੇ ਖਰਚੀਲੀਆਂ ਰਸਮਾਂ ਲਈ ਇਸ ਵਿਚ ਕੋਈ ਥਾਂ ਨਹੀਂ ਸੀ। ਹਵਨ ਕਰਕੇ ਆਦਿ ਗਰੰਥ ਸਾਹਿਬ ਤੋਂ ਲਾਵਾਂ ਪੜ੍ਹਕੇ, ਵੇਦੀ ਦੁਆਲੇ ਫੇਰੇ ਦੇਕੇ ਵਰ ਬਧੂ ਨੂੰ ਗ੍ਰਿਹਥਸ ਆਸ਼ਰਮ ਵਿਚ ਪ੍ਰਵੇਸ਼ ਕਰਾ ਦੇਣਾ ਹੀ ਆਨੰਦ ਮਰਯਾਦਾ ਸੀ। ਨ ਜੰਜਾਂ ਦਾ ਰੌਲਾ, ਨ ਦਾਜ ਦਾ ਬੋਝ ਅਤੇ ਨ ਹੀ ਵਡੇ ਵਡੇ ਖਰਚੀਲੇ ਇਕੱਠ–ਸਚਮੁਚ ਹੀ ਸੰਸਾਰ ਨੇ ਇਸ ਤੋਂ ਪਹਿਲਾਂ ਅਜੇਹੀ ਸਾਦੀ ਤੇ ਪਵਿਤਰ ਵਿਆਹ ਦੀ ਰਸਮ ਨਹੀਂ ਸੀ ਦੇਖੀ। ਉਸੇ ਮਰਯਾਦਾ ਨੂੰ ਅਜ ਸ੍ਰੀ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਉਸੇ ਤਰ੍ਹਾਂ ਹੀ ਚਲਾ ਰਹੇ ਹਨ। ਇਹਨਾਂ ਸਾਦੇ ਆਨੰਦ ਕਾਰਜਾਂ ਕਾਰਨ ਹੀ, ਨਾਰੀ ਦੇ ਬਾਰੇ ਸਮਾਜ ਦੇ ਵਿਚਾਰ ਬਦਲਨ ਲਗ ਪਏ ਅਤੇ ਇਹ ਸਮਝਿਆ ਜਾਣ ਲਗਿਆ ਕਿ ਲੋਕਾਂ ਦੇ ਦੁਖਾਂ ਦਾ ਕਾਰਨ ਨਾਰੀ ਨਹੀਂ ਬਲਕਿ ਸਮਾਜ ਦੀਆਂ ਭੈੜੀਆਂ ਰੀਤਾਂ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਵਿਧਵਾ ਵਿਆਹ ਤੇ ਬੜੀ ਕੜੀ ਪਾਬੰਦੀ ਸੀ। ਵਿਧਵਾ ਬੀਬੀਆਂ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਉਹ ਤਪਦਿਕ ਦੇ ਰੋਗੀ ਵਾਂਗ ਸਿਸਕ ਸਿਸਕ ਕੇ ਦਮ ਤੋੜ ਦੇਣ। ਪੇਟ ਭਰਨ ਲਈ, ਲਾਚਾਰ ਹੋ ਗੰਦੇ ਤੋਂ ਗੰਦੇ ਕੰਮ ਕਰਦਿਆਂ ਅਤੇ ਕਈ ਪੇਸ਼ਾਵਰ ਔਰਤਾਂ ਬਣ ਜਾਣ ਤੇ ਵੀ ਮਜਬੂਰ ਹੋ ਜਾਂਦੀਆਂ ਸਨ। ਇਸੇ ਕਲੰਕ ਤੋਂ ਬਚਨ ਲਈ

Namdhari Elibrary NamdhariElibrary@gmail.com

ਬਹੁਤ ਸਾਰੀਆਂ ਸਤੀ ਵੀ ਹੋਣ ਲਗ ਪਈਆਂ ਸਨ। ਹਜ਼ੂਰ ਦਾ ਪਰ-ਉਪਕਾਰੀ ਦਿਲ ਇਹ ਸਹਾਰ ਨ ਸਕਿਆ। ੨ ਜੂਨ ਸੰਨ ੧੯੬੩ ਈ: ਨੂੰ ਖੋਟੇ ਦੇ ਮੇਲੇ ਤੇ ਹੀ ਹਜ਼ੂਰ ਨੇ ਵਿਧਵਾ ਵਿਆਹ ਦੀ ਖੁਲ੍ਹ ਦਾ ਹੁਕਮ ਵੀ ਦੇ ਦਿਤਾ। ਇਸਤੋਂ ਬਾਦ ਹਜ਼ੂਰ ਨੇ ਕਿੰਨੀਆਂ ਹੀ ਵਿਧਵਾ ਬੀਬੀਆਂ ਦੇ ਆਨੰਦ ਕਾਰਜ ਆਪਣੀ ਹਜ਼ੂਰੀ ਵਿਚ ਕਰਵਾਏ ਅਤੇ ਸਮਾਜ ਨੂੰ ਇਕ ਵਡੇ ਕਲੰਕ ਤੋਂ ਬਚਾਇਆ।

ਸ੍ਰੀ ਕਲਗੀਧਰ ਜੀ ਨੇ ਅੰਮ੍ਰਿਤ ਦੀ ਦਾਤ ਰਾਹੀ ਸਿਖਾਂ ਅੰਦਰ ਉਹ ਸ਼ਕਤੀ ਤਾਂ ਪੈਦਾ ਕੀਤੀ ਕਿ ਇਕ ਇਕ ਸਿਖ ਲੱਖਾਂ ਦੇ ਮੁਕਾਬਲੇ ਤੇ ਡਟ ਜਾਣ ਦੀ ਦਲੇਰੀ ਰਖੇ। ਪਰ ਬੀਬੀਆਂ ਇਸ ਦਾਤ ਤੋਂ ਅਜੇ ਤਕ ਵੀ ਵਾਂਜਿਆਂ ਹੀ ਸਨ। ਦਸਮੇਸ਼ ਪਿਤਾ ਪਿਛੋਂ ਕਿਸੇ ਦਾ ਧਿਆਨ ਵੀ ਇਸ ਪਾਸੇ ਨ ਹੋਇਆ। ਚੀਨੀ ਵਾਲੇ ਪਾਤਸ਼ਾਹ ਨੇ ਸਿਆਹੜ ਦੇ ਮੇਲੇ ਤੇ ਬੀਬੀਆਂ ਨੂੰ ਅੰਮ੍ਰਿਤ ਦੇ ਬਾਟੇ ਛਕਾ ਕੇ ਉਹਨਾਂਨੂੰ ਸਿੰਘਣੀਆਂ ਬਨਾ ਦਿਤਾ। ਸਿੰਘ ਦੇ ਹਮਪੱਲੇ ਕਰ ਦਿਤਾ। ਇਸ ਤਰ੍ਹਾਂ ਹਜ਼ੂਰ ਨੇ ਇਸਤ੍ਰੀ ਨੂੰ ਮਰਦ ਦੀ ਪੱਧਰ ਤੇ ਲਿਆ ਕੇ ਉਸ ਅੰਦਰ ਇਹ ਭਾਵਨਾ ਜਾਗ੍ਰਿਤ ਕੀਤੀ–'ਮੈਂ ਕੋਈ ਦੇਵੀ ਨਹੀਂ, ਕਿ ਧੂਪ, ਦੀਪ, ਫੁਲ ਤੇ ਪਤਾਸੇ ਰਖ ਕੇ ਮੇਰੀ ਆਰਤੀ ਉਤਾਰੀ ਜਾਵੇ ਅਤੇ ਨਾ ਹੀ ਮੈਂ ਕੋਈ ਮਾਮੂਲੀ ਜੇਹਾ ਕੀੜਾ ਹੀ ਹਾਂ ਜਿਸ ਨੂੰ ਬੜੀ ਬੇਰਹਿਮੀ ਨਾਲ ਕੁਚਲ ਦਿਤਾ ਜਾਵੇ। ਮੈਂ ਹਿੰਦੀ ਨਾਰੀ ਹਾਂ ਤੇ ਬਰਾਬਰੀ ਮੇਰਾ ਜਮਾਂਦਰੂ ਹੱਕ ਹੈ।'

ਇਸਤਰਾਂ ਅਸੀਂ ਦੇਖਦੇ ਹਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਪੂਰਨ ਸਤਿਗੁਰੂ, ਸ੍ਰੋਮਣੀ ਰਾਜਨੈਤਿਕ ਨੇਤਾ ਹੋਣ ਦੇ ਨਾਲ ਨਾਲ ਇਕ ਮਹਾਨ ਇਨਕਲਾਬੀ ਤੇ ਲਾਸਾਨੀ ਸਮਾਜ ਸੁਧਾਰਕ ਸਨ। ਉਹਨਾਂ ਦੇ ਹੋਰ ਸਾਰੇ ਸਮਾਜਕ ਉਪਕਾਰਾਂ ਨੂੰ ਛਡਕੇ ਜੇ ਸਿਰਫ਼ ਨਾਰੀ ਦੇ ਭਲੇ ਲਈ ਕੀਤੇ ਉਪਕਾਰਾਂ ਨੂੰ ਹੀ ਲਿਆ ਤਾਂ ਵੀ ਆਪ ਉੱਚ ਕੋਟਿ ਦੇ ਸਮਾਜ ਸੁਧਾਰਕ ਸਿਧ ਹੁੰਦੇ ਹਨ।

## ਉਹਦਾ ਆਉਣਾ !

[ਸ੍ਰੀ ਹਜ਼ਾਰਾ ਸਿੰਘ "ਪ੍ਰੇਮ"
ਸ੍ਰੀ ਜੀਵਨ ਨਗਰ]

ਕਲੀ ਕਲੀ ਮੁਸਕਾ ਪਈ ਬਣ ਵਿਚ,
ਅੱਜ ਕੋਈ ਮਹਿਰਮ ਆਇਆ ਏ!
ਰਿਮ ਝਿਮ ਹੋਈ ਮਨ ਨੂੰ ਭਾਂਦੀ,
ਇੰਦਰ ਭੀ ਨਸ਼ਿਆਇਆ ਏ!
ਬਾਗ਼ੋ ਬਾਗ਼ ਹੋਈ ਵਿਚ ਬਾਗਾਂ,
ਭੌਰ ਮਲ੍ਹਾਰ ਅਲਾਇਆ ਏ!
ਚੀਨੀ ਵਾਲੇ ਦੇ ਸੁਆਗਤ ਲਈ,
ਧਰਤੀ ਸੁਹਜ ਵਧਾਇਆ ਏ!

## ਦੁਆਦਸ ਰੂਪ ਵਟਾਇਆ ਏ !

[ਸੰਤ ਅਮਰ ਸਿੰਘ ਜੀ ਢਿਲੋਂ ਹਿਸਾਰ

ਕਲੀਆਂ ਖਿਲੀਆਂ ਮਹਿਫਲ ਲਗੀ,
ਚੰਬਾ ਵੀ ਮਹਿਕਾਇਆ ਏ।
ਬਾਗ਼ ਬਾਗ਼ੀਚੇ ਹਸ ਹਸ ਖਿੜ ਪੈ,
ਜੋਬਨ ਵੀ ਮੁਸਕਾਇਆ ਏ।
ਰੁਤ ਬਸੰਤੀ ਪਹਿਨ ਪੁਸ਼ਾਕਾਂ,
ਸੁੰਦਰ ਰੂਪ ਵਿਖਾਇਆ ਏ।
ਅੱਖੀਂ ਜਲ, ਮਥੇ ਬੰਦੀ,
ਸਿਰੀਂ ਸੰਦੂਰ ਸੁਹਾਇਆ ਏ।
ਵਧੀ ਵੇਲ ਗੁਰ ਪੀੜ੍ਹੀ ਚਾਲੀ,
ਦੁਆਦਸ ਰੂਪ ਵਟਾਇਆ ਏ।
ਭੈਣੀ ਦੇ ਵਿਚ ਰੋਸ਼ਨ ਹੋਇਆ,
ਗ਼ਮੀ ਅੰਧੇਰ ਮਿਟਾਇਆ ਏ।
ਆਪਣਾ ਵਾਕ ਹਰੀ ਨੂੰ ਦੇਕੇ,
ਵਡ ਪ੍ਰਤਾਪ ਬਣਾਇਆ ਏ।
ਆਪਣੇ ੨ ਫਰਜ਼ ਨਿਬਾਹ ਕੇ,
ਫਿਰ ਜਗਜੀਤ ਦਿਸਾਇਆ ਏ।

Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ
ਦਾ
# ਅਵਤਾਰ ਦਿਵਸ

[ਸ੍ਰੀ ਯੁਤ ਮਹੰਤ ਪ੍ਰਤਾਪ ਸਿੰਘ ਜੀ ਮਹਾਂਵੈਦ,
ਸੰਪਾਦਕ 'ਨਿਰਮਲ ਪ੍ਰਕਾਸ਼']

ਮਹਾਂਵੈਦ ਮਹੰਤ ਪ੍ਰਤਾਪ ਸਿੰਘ ਜੀ, ਜਗਰਾਉਂ (ਜਿ: ਲੁਦਿਹਾਣਾ) ਤੋਂ ਨਿਕਲਦੇ ਨਿਰਮਲ ਭੇਖ ਦੇ ਇਕੋ ਇਕ ਅਖਬਾਰ "ਨਿਰਮਲ ਪ੍ਰਕਾਸ਼" ਦੇ ਪ੍ਰਧਾਨ ਸੰਪਾਦਕ ਹਨ। ਆਪ ਜੀ ਦੇ ਹਿਰਦੇ ਵਿਚ ਨਾਮਧਾਰੀ ਪੰਥ ਅਤੇ ਨਾਮਧਾਰੀ ਸਤਿਗੁਰਾਂ ਨਾਲ ਮਹਾਨ ਪਿਆਰ ਹੈ। ਜਿਨ੍ਹਾਂ ਸ਼ਰਧਾ ਭਰੇ ਸ਼ਬਦ ਪੁਸ਼ਪਾਂ ਨਾਲ ਸ੍ਰੀ ਮਹੰਤ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਿਵਸ ਨੂੰ ਬਿਆਨਿਆਂ ਹੈ, ਇਸਤੋਂ ਬਾਰ੍ਹਵੀਂ ਪਾਤਸ਼ਾਹੀ ਦੇ ਅਵਤਾਰ ਲਈ ਸੁਆਗਤ-ਚਿਤ੍ਰ ਦੇ ਨਾਲ ੨ ਆਪ ਜੀ ਨੂੰ ਲੇਖਕ ਦੇ ਨਿਰਮਲ ਹਿਰਦੇ ਦੀ ਜਾਣਕਾਰੀਵੀ ਹੋਵੇਗੀ। [ਪ੍ਰੀਤਮ ਸਿੰਘ ਕਵੀ

ਜਿਤਨਾ ਸੰਸਾਰ ਦਾ ਪ੍ਰੀਵਰਤਨ ਹੈ। ਸਭ ਮਰਯਾਦਾ ਵਿਚ ਹੈ। ਸਤਿਜੁਗ ਤੋਂ ਲੈਕੇ ਕਲਯੁਗ ਪ੍ਰਯੰਤ ਚਉਰਾਸੀ ਲਖ ਜੂਨ ਮਰਯਾਦਾ ਦੇ ਚਕਰ ਵਿਚ ਚਲ ਰਹੀ ਹੈ। ਜਦੋਂ ਮਰਯਾਦਾ ਦੀ ਉਲੰਘਣਾ ਹੋਣ ਲਗ ਜਾਵੇ ਤਦ ਸੰਸਾਰ ਵਿਚ ਬਦ ਅਮਨੀ, ਬੇ-ਚੈਨੀ ਤੇ ਅਸ਼ਾਂਤੀ ਦਾ, ਵਾਯੂ ਮੰਡਲ ਵਿਚ ਵਾਧਾ ਹੋਣ ਲਗ ਜਾਂਦਾ ਹੈ। ਸੰਸਾਰ ਦੀ ਬੁੱਧੀ ਬਿਪ੍ਰਜੇ ਹੋ ਜਾਂਦੀ ਹੈ। ਉਸਨੂੰ ਧਰਮ, ਅਧਰਮ ਦੀ ਸੂਝਤਾ ਨਹੀਂ ਰਹਿੰਦੀ, ਕੁਕਰਮਾਂ ਵਿਚ ਪਿਆ ਉਸਦਾ ਅੰਤਸ਼ ਕਰਣ ਮਲੀਨ ਹੋਜਾਂਦਾ ਹੈ। ਦੈਵੀ ਅਤੇ ਸਤੋਗੁਣੀ ਆਚਰਨ ਉਸਤੋਂ ਖੰਭ ਲਾਕੇ ਉਡ ਜਾਂਦੇ ਹਨ! ਉਹ ਦੇਵਤਾ ਹੁੰਦਾ ਵੀ ਰਾਖਸ਼ੀ ਕੁਕਰਮਾਂ ਦੇ ਕਰਨ ਵਿਚ ਪ੍ਰਵਿਰਤ ਹੋ ਜਾਂਦਾ ਹੈ, ਉਸਦਾ ਅਸਾਂਤਕੀ ਮਨ ਦੁਰਾਚਾਰੀ ਹੋਕੇ ਪ੍ਰਿਥਵੀ ਦੇ ਵਾਯੂ ਮੰਡਲ ਵਿਚ ਖਲਲ ਪੌਣਾ ਆਰੰਭ ਦੇਂਦਾ ਹੈ, ਤਦ ਉਸ ਅਤਿਆਚਾਰ ਨੂੰ ਰੋਕਣ ਲਈ ਅਪਣੀ ਪ੍ਰੰਪਰਾ ਅਨੁਸਾਰ ਉਹ ਆਪ ਯਾ ਆਪਦਾ ਰੂਪ ਧਾਰਕੇ, ਸੰਸਾਰ ਦੇ ਵਾਯੂ ਮੰਡਲ ਨੂੰ ਸਾਫ ਕਰਕੇ ਸੰਸਾਰ ਦੇ ਦੈਂਤਾਂ, ਰਾਖਸ਼ਾਂ ਜਰਵਾਣੇ ਤੇ ਅਤਿਆਚਾਰੀ ਲੋਕਾਂ ਤੋਂ ਜਿਨ੍ਹਾਂ ਕਾਰਨ ਸੰਸਾਰਦੇ ਜੀਵ ਦੁਖੀ ਹੋਕੇ ਬਿਲਲਾਪ ਕਰਦੇ ਹਨ, ਉਨ੍ਹਾਂ ਤੋਂ ਖਲਾਸੀ ਦਿਵਾਂਦਾ ਹੈ।

ਹੋਰ ਯੁਗਾਂ ਦੇ ਉਦਾਹਰਣਾਂ ਤੋਂ ਪਸਚਾਤ ਅਸੀਂ ਕਲਿਯੁਗੀ ਅਤਿਆਚਾਰਾਂ ਵਲ ਦੇਖੀਏ ਤਾਂ ਅਸਾਡੇ ਆਦਿ ਗੁਰੂ ਤੋਂ ਲੈਕੇ ਬਾਹਰਵੇਂ ਗੁਰੂ ਪ੍ਰਯੰਤ ਸਾਰੇ ਗੁਰੂਆਂ ਨੇ ਸੰਸਾਰੀ ਦੁਖੀ ਜੀਵਾਂ ਦੇ ਬੰਧਨ ਕੱਟਣ ਲਈ ਆਪੋ ਆਪਣੇ ਸਮਿਆਂ ਵਿਚ ਅਪਣੀ ਰਬੀ ਤਾਕਤ ਨਾਲ ਯਾਂ ਆਪਣੀ ਸੂਰ ਬੀਰਤਾ ਨਾਲ ਪ੍ਰਾਣੀ ਮਾਤ੍ਰ ਦਾ ਭਲਾ ਕੀਤਾ।

ਏਨ੍ਹਾਂ ਗੁਰੂਆਂ ਵਿਚੋਂ ਜਿਥੇ ਸੰਸਾਰੀ ਸੰਤ-ਸਾਧ, ਗਊ-ਗ੍ਰੀਬ, ਮਜ਼ਲੂਮ ਅਨਾਥ ਨੂੰ ਅਨਿ-ਆਈ ਮਲੇਛ ਰਾਜਿਆਂ ਤੋਂ ਬੰਦ ਖਲਾਸੀ ਕਰਾਈ

Namdhari Elibrary NamdhariElibrary@gmail.com

ਓਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਤਠਾ ਧਰਮ ਰੱਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਦਿ ਗੁਰੂਆਂ ਨੇ ਅਪਣੇ ਬਾਹੂ ਬਲ ਨਾਲ ਮਲੇਛਾਂ ਦਾ ਨਾਸ ਕਰਕੇ—"ਸੰਤ ਉਬਾਰਨ ਦੁਸਟ ਸੰਘਾਰਨ!" ਮਹਾਂ ਵਾਕਾਂ ਨੂੰ ਅਮਲੀ ਜਾਮਾ ਪਹਿਨਾਇਆ।

ਇਸਤੋਂ ਉਪਰੰਤ ਸਮਾਂ ਬੜੀ ਭਿਅੰਕਰ ਸ਼ਕਲ ਵਿਚ ਚਲਣ ਲਗ ਪਿਆ, ਗੁਰੂਆਂ ਅਵਤਾਰਾਂ ਦੀ ਸੰਥਾ ਨੂੰ ਭੁਲਾਕੇ ਲੋਕ ਅਪਣੀਆਂ ਬਾਲ ਬਿਰਤੀਆਂ ਵਿਚ ਲਗ ਪਏ। ਵੇਦਾਂ, ਪੁਰਾਣਾਂ ਤੇ ਕੁਤਰਕਾਂ ਹੋਣ ਲਗ ਪਈਆਂ, ਲੋਕਾਂ ਦੇ ਮਨ ਪਾਪਾਂ ਵਲ ਵਧਣ ਲਗੇ, ਬਲ ਹੀਣ ਤੇ ਅਨਾਥ ਦੁਖਾਂ ਵਿਚ ਅਪਣਾ ਜੀਵਨ ਵਤੀਤ ਕਰਨ ਲਗ ਪਏ। ਸਾਰੀ ਜੰਤਾ ਭ੍ਰਿਸ਼ਟਾਚਾਰ ਅਤੇ ਕਟੂਰ ਕਰਮਾਂ ਵਿਚ ਲਗ ਪਈ।

ਧਰਮ ਦੀ ਤਾਣੀ ਦਾ ਤੰਦ ਤੰਦ ਵਿਖਰ ਗਿਆ। ਇਸਨੂੰ ਸੁਲਝਾਣ ਦੀ ਕਿਸੇ ਨੂੰ ਹਿੰਮਤ ਨਾ ਪਈ!

ਧਰਮ ਦੀ ਡਗਮਗਾਹਟ ਨੇ ਅਕਾਲ ਪੁਰਖ ਨੂੰ ਅੰਤ੍ਰੀਵ ਟੈਲੀਫੋਨ ਕੀਤਾ ਕਿ ਜੇਕਰ ਆਪ ਨੇ ਮੇਰੀ ਵਿਵਸਥਾ ਪਰ ਕੋਈ ਵੀਚਾਰ ਨਾ ਕੀਤਾ, ਤਾਂ ਮੈਂ ਅਤਿਆਚਾਰਨਾਸਹਾਰਦੀ ਰਸਾਤਲ ਵਿਚ ਧਸ ਜਾਵਾਂਗੀ! ਇਸ ਤੀਬਰ ਆਵਾਜ਼ ਨੇ ਉਸ ਸਰਬ ਸ਼ਕਤੀ ਵਾਨ ਦਾ ਮਨ ਦ੍ਰਵੀ ਭੂਤ ਕਰ ਦਿਤਾ। ਆਪ ਦੀ ਵੀਚਾਰ ਪਿਛਲੇ ਹੋਚੁਕੇ ਅਵਤਾਰਾਂ ਤੇ ਪਈ ਕਿ ਸੰਸਾਰ ਵਿਚ ਸ਼ਾਂਤੀ ਵਰਤਾਣ ਵਾਸਤੇ ਕਿਸਨੂੰ ਭੇਜਾਂ,ਪ੍ਰੰਤੂ ਆਪਨੇ ਆਪਣੀ ਗੰਭੀਰ ਦ੍ਰਿਸ਼ਟੀ ਨਾਲ ਵੀਚਾਰ ਕੀਤੀ ਕਿ ਤੇਰੇ ਅਪਣੇ ਬਗੈਰ ਸੰਸਾਰ ਦਾ ਵਾਯੂ ਮੰਡਲ ਨਹੀਂ ਸੁਧਰੇਗਾ।

ਉਪਰੰਤ ਅਕਾਲ ਪੁਰਖ ਨੇ ਦੇਵੀ ਦੇਵਤੇ ਤੇ ਕਿੰਨਰ ਗੰਧਰਵਾਂ ਨੂੰ ਆਗਿਆ ਦੇ ਦਿਤੀ ਕਿ ਜਾਓ ਮੇਰੇ ਆਗਮਨ ਦੇ ਉਤਸ਼ਾਹ ਵਿਚ ਇਕ ਪਵਿਤ੍ਰ ਧਰਤੀ ਹੈ। ਉਸ ਪਰ ਜਾਓ। ਜਿਸ ਧਰਤੀ ਵਿਚ ਮੈਂ ਅਵਤਾਰ ਲੈਣਾ ਹੈ ਉਹ ਪੁੰਨਿਆਤਮਾ ਧਰਤੀ ਹੈ, ਮਾਘ ਸੁਦੀ ਪੰਚਮੀ ਨੂੰ ਭੈਣੀ ਦੀ ਧਰਤੀ ਨੂੰ ਭਾਗ ਲਾਵਾਂਗਾ। ਕਈ ਹਜ਼ਾਰਾ ਜਨਮਾਂ ਦੀ ਭਗਤੀ ਕਰਨ ਵਾਲੇ ਅਪਣੀ ਇਛਾ ਲਈ ਤਪ ਕਰਨ ਵਾਲੇ ਮੇਰੇ ਦਰਸ਼ਨ ਦੇ ਉਤਾਵਲੇ, ਮੈਨੂੰ ਆਪਣਾ ਪੁਤ੍ਰ ਬਨਾਣ ਦੀ ਬਹੁਤ ਸਮੇਂ ਤੋਂ ਆਸ਼ਾ ਰੱਖਣ ਵਾਲੇ ਬ੍ਰਹਮ ਯੋਗੀ ਜੱਸਾਸਿੰਘ ਤੇ ਮਾਤਾ ਸਦਾ ਕੌਰ ਦੀ ਅਭਿਲਾਸ਼ਾ ਪੂਰਨ ਕਰਾਂਗਾ।

ਰੱਬੀ ਜੋਤ ਦੇ ਇਹ ਅੰਮ੍ਰਤ ਰੂਪੀ ਬਚਨ ਸੁਣਕੇ ਰਾਈਆਂ ਭੈਣੀ ਦੇ ਪ੍ਰਸਿਧ ਤੀਰਥ ਵਿਚ ਆਗਮਨ ਦੀਆਂ ਖੁਸ਼ੀਆਂ ਅਕਾਲ ਪੁਰਖ ਦੀ੧੨ ਵੀਂ ਜੋਤ ਦੇ ਆਗਮਨ ਲਈ ਦੇਵਤਿਆਂ ਨੇ ਸਾਰੀ ਬਨਾਸਪਤੀ ਦੇ ਫੁੱਲ ਅਕੱਤ੍ਰ ਕਰ ਲਏ। ਪੀਰ ਫਕੀਰ, ਸਿਧਮੁਨੀ, ਪੈਗੰਬਰ, ਗਣ, ਗੰਧ੍ਰਵ ਅਪਸਚਰਾਂ ਦੇਵ ਬਧੂ ਇਸਤ੍ਰੀਆਂ ਨਾਨ੍ਹਾਂ ਤ੍ਰਾਂ ਦੇ ਸਾਜ਼ਾਂ ਨਾਲ ਅਸਤੋਤ੍ਰ ਉਪਮਾਂ ਗਾਣ ਲਗ ਪਈਆਂ। ਤੂਤੀਆਂ ਭੇਰੀਆਂ ਢੋਲਾਂ ਮ੍ਰਿਦੰਗਾਂ ਦੀਆਂ ਅਵਾਜ਼ਾਂ ਤੇਸੰਖਾਂ ਘੜਿਆਲਾਂ ਨੇ ਆਕਾਸ਼ ਨੂੰ ਗੁੰਜਾ ਦਿਤਾ! ਸਾਰਾ ਸੰਸਾਰ ਹੀ ਸੰਮਤ ੧੮੭੨ ਮਾਘ ਸੁਦੀ ਪੰਚਮੀ ਦਿਨ ਵੀਰਵਾਰ ਅਧੀ ਰਾਤ ਉਪਰੰਤ ਅੰਮ੍ਰਤ ਵੇਲੇ ਇਕ ਵਜੇ ਦੀ ਤਾਂਘ ਵਿਚ ਅੱਖਾਂ ਉਘੇੜ ਖਲੋਤਾ। ਇਤਨੇ ਨੂੰ ਰੱਬੀ ਜੋਤ ਨੇ ਮਾਤਾ ਜੀ ਦੀ ਰੋਦ ਵਿਚ ਇੰਵ ਨਜ਼ਾਰਾ ਦਿਖਾਇਆ ਜਿਵੇਂ ਕੋਈ ਅਲਾਹੀ ਕੌਤਕ ਹੁੰਦਾ ਹੈ। ਇਸ ਅਵਤਾਰ ਦੇ ਹੋਣ ਸਾਰ ਸਾਰੇ ਸੰਸਾਰ ਵਿਚ ਪ੍ਰਕਾਸ਼ ਹੋ ਗਿਆ। ਪਾਪੀ, ਦੰਭੀ, ਪਖੰਡੀ, ਲੋਗਾਂ ਨੂੰ ਭਾਜੜਾਂ ਪੈਗਈਆਂ ਗਵਈਏ ਇਕ ਸੁਰ ਵਿਚ ਅਲਾਪ ਕਰਨ ਲਗੇ।

"ਪ੍ਰਗਟ ਭਇਓ ਰਾਮ ਸਿੰਘ ਦੂਲੋ
ਸਭ ਰਾਜਨ ਕਾ ਪੱਟ ਦੇ ਮੂਲੋ"
ਪ੍ਰਗਟ ਭਇਓ ਰਾਮ ਹਰੀ ਰਾਮਾ
ਬਾਢੀ ਸੁਤ ਭੈਣੀ ਕੋ ਧਾਮਾ

ਆਦ ਸ੍ਵਾਗਤੀ ਗੀਤ ਗਾਏ। ਹੁਣ ਸੰਸਾਰ ਵਿਚ ਸ਼ਾਂਤੀ ਦਾ ਵਾਯੂ ਮੰਡਲ ਪੈਦਾ ਹੋਗਿਆ। ਪਿਛਲੇ ਗੁਰੂਆਂ ਦੀ ਮਰਯਾਦਾ ਨੂੰ ਲੋਗ ਦ੍ਰਿੜਤਾ

ਨਾਲ ਕਰਨ ਲਗ ਪਏ, ਰਾਮ ਰਾਜ ਦੀਆਂ ਧੁਨਾਂ ਸੰਸਾਰ ਵਿਚ ਗੂੰਜਣ ਲਗ ਪਈਆਂ।

ਭਜਨ, ਪਾਠ, ਯੱਗ,ਹੋਮ, ਸੁਚ ਸੋਧ,ਗਊ ਗ੍ਰੀਬ ਦਾ ਆਦਰ ਤੇ ਦੁਸ਼ਟਾਂ ਦਾ ਨਾਸ ਹੋ ਗਿਆ। ਪ੍ਰਿਥਵੀ ਗਊ ਰੂਪ ਧਾਰਕੇ ਪ੍ਰਣਾਮ ਕਰਕੇ ਜਾਂਦੀ ਹੈ। ਸਾਰੇ ਦੇਵੀ ਦੇਵਤੇ ਉਚੀ ਅਵਾਜ ਨਾਲ ਧੰਨ ਗੁਰੂ ਰਾਮ ਸਿੰਘ ਜੀ ਧੰਨ ਗੁਰੂ ਰਾਮ ਸਿੰਘਜੀ ਦੀ ਅਵਾਜ਼ ਤਿੰਨਾਂ ਲੋਕਾਂ, ਦਸੋਦਿਸ਼ਾ, ਚੋਦਾਂ ਭਵਨਾਂ ਵਿਚ ਗੂੰਜਾ ਦਿੰਦੇ ਹਨ।

ਪਿਆਰੇ ਸਤਿਜੁਗ ਦੇ ਪਾਠਕੋ! ਨਾਮਧਾਰੀ ਤਥਾ ਗੈਰ ਨਾਮਧਾਰੀਓ ਅਜ, ਸਾਰੇ ਸੰਸਾਰ ਦੇ ਮਹਾਨ ਅਵਤਾਰੀ ਗੁਰੂ ਦਾ ਪਵਿਤ੍ਰ ਦਿਨ ਹੈ, ਅਜ ਉਸ ਚੀਨੀ ਵਾਲੇ ਬਾਹਰਵੇਂ ਗੁਰੂ ਦੀ ਮਿਹਰ ਦਾ ਸਦਕਾ ਸਾਰੇ ਸੰਸਾਰ ਵਿਚ ਨਾਮਧਾਰੀ ਪੰਥ ਦਾ ਝੰਡਾ ਝੁਲ ਰਿਹਾ ਹੈ। ਜਿਸ ਨਾਮਧਾਰੀ ਕਲਪ ਬ੍ਰਿਛ ਨੂੰ ਗੁਰੂ ਰਾਮ ਸਿੰਘ ਜੀ ਨੇ ਲਗਾਇਆ। ਉਸੇ ਕਲਪ ਬ੍ਰਿਛ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਨਾਮ, ਭਜਨ ਦਾ ਪਾਣੀ ਪਾਕੇ ਫੁਲਾਂ ਤੇ ਫਲਾਂ ਤੇ ਲਿਆਂਦਾ। ਅਚੱਲ ਤੇ ਰਹਿੰਦੀ ਦੁਨੀਆਂ ਤਕ ਨਾਮਧਾਰੀ ਕਲਪ ਦਰੁਮ ਨੂੰ ਵਰਤਮਾਨ ਸਮੇਂ ਦੇ ਸਤਿਗੁਰੂ ਜਿਨਾਂ ਦਾ ਜਾਮਾਂ ਬਦਲਿਆ ਹੈ, ਜੋਤ ਇਕ ਹੈ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਚੀਨੀ ਵਾਲੇ ਗੁਰੂ ਦੇ ਸੁਧਾਸਮ ਫਲਾਂ ਨੂੰ ਅਪਨੀ ਹੱਥੀਂ ਆਪਣੀ ਆਤਮਕ ਤਾਕਤ ਨਾਲ ਭਜਨ ਬੰਦਗੀ ਦੁਆਰਾ ਵਰਤਾਈ ਜਾਂਦੇ ਹਨ, ਸੋ ਮੈਂ ਸਾਰੇ ਸੰਸਾਰ ਅਤੇ ਨਾਮਧਾਰੀ ਪੰਥ ਦੇ ਸਚੇ ਰਹਿਬਰ ਸਤਿਗੁਰੂ ਜਗਜੀਤ ਸਿੰਘ ਜੀ ਤਥਾ ਨਾਮਧਾਰੀ ਸੰਤਾਂ ਮਹੰਤਾਂ ਬਿਰਧ ਨਾਮਧਾਰੀਆਂ ਨੂੰ ਪ੍ਰਸੰਨਤਾ ਦਾ ਸੰਦੇਸ ਭੇਟ ਕਰਦਾ ਹਾਂ। ਅੰਤ ਵਿਚ ਸਾਰੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਜੈ।

# ਗੀਤ !

[ਸ੍ਰੀ ਹਰਬੰਸ ਅਰੋੜਾ ਰਾਉਂਤਾ

ਪੋਲੇ ਪੋਲੇ ਪੈਰੀਂ ਨਚਦੀ, ਰੁਤ ਬਸੰਤੀ ਆਈ ਹੋ।
ਪੀਲੇ ਪੀਲੇ ਫੁਲ ਖਿਲ ਰਹੇ, ਜਿਉਂ ਹੀ ਉਹ ਮੁਸਕਾਈ ਹੋ।
ਜੀਵ-ਜੰਤ ਹਰ ਇਕ ਦੇ ਮੂੰਹ ਤੇ,ਆਇਆ ਏ ਅਜ ਖੇੜਾ ਹੋ।
ਚਹਿਕ ਪੰਛੀਆਂ ਦੀ ਨਵ-ਰੰਗੀ,ਖੁਸ਼ੀਆਂ ਭਰਿਆ ਵਿਹੜਾਹੋ।
ਕਲੀ, ਚੰਬੇਲੀ ਤੇ ਗੁਲਾਬ ਜਹੇ, ਖਿੜ ਪੈ ਫੁਲ ਅਪਾਰਾਂ ਹੋ।
ਤਿੱਤਲੀਆਂ ਨੇ ਝੁੰਮਰ ਪਾਏ, ਆਈਆਂ ਕਹਿਣ ਬਹਾਰਾਂ ਹੋ।
ਜਿਧਰ ਨਜ਼ਰ ਦੁੜਾਵਾਂ ਦੇਖਾਂ, ਖੁਸ਼ੀ ਹੈ ਡਾਲੀ ਡਾਲੀ ਹੋ।
ਏਸ ਦਿਹਾੜੇ ਆਇਆ ਪਿਆਰਾ, ਹਿੰਦ ਬਾਗ ਦਾ ਮਾਲੀ ਹੋ।
ਐਪਰ ਈਹੋ ਲਖਾਂ ਖੁਸ਼ੀਆਂ, ਸਾਨੂੰ ਸਭੇ ਭੁਲੀਆਂ ਨੇ।
ਤੇਰੇ ਬਿਨਾ ਪਿਆਰੇ ਸਤਿਗੁਰ, ਜੀਵਨ ਰੀਝਾਂ ਰੁਲੀਆਂ ਨੇ।
ਇਕ ਵਾਰ ਤੂੰ ਆਕੇ ਦਾਤਾ, ਚੰਨ ਮੁਖੜਾ ਦਿਖਲਾ ਜਾ ਹੋ।
ਪਾਪਾਂ ਨਾਲ ਤਪੰਦੇ ਮਨ ਤੇ, ਠੰਢ ਦਰਸ ਦੀ ਪਾ ਜਾ ਹੋ।
ਕਰ ਇਕਰਾਰ ਆਣ ਕੇ ਪੂਰੇ 'ਹਰਬੰਸ' ਅਰਜ਼ਾਂ ਕਰਦਾ ਹੋ।
ਇਹ ਖੁਸ਼ੀਆਂ ਲੱਖਾਂ ਹੋ ਥੀਸਣ ਅੰਮ੍ਰਿਤ ਜਾਵੇ ਝਰਦਾ ਹੋ!

Namdhari Elibrary NamdhariElibrary@gmail.com

# ਹਵਾਲਾ ਇਕ ਪੁਸਤਕ ਦਾ

ਮੈਂ ਸ੍ਰੀਮਾਨ ਸੰਤ ਵਾਸਦੇਵ ਸਿੰਘ ਜੀ ਬਮਰਾਹ, ਪ੍ਰਾਪੇਗੰਡਾ ਸਕੱਤ੍ਰ ਈ. ਏ. ਨਾਮਧਾਰੀ ਸੰਗਤ ਨੈਰੋਬੀ (ਅਫਰੀਕਾ) ਦਾ ਧਨਵਾਦੀ ਹਾਂ ਜਿਨ੍ਹਾਂ ਨੇ ਇਕ ਪੁਸਤਕ, ਜਿਸਦਾ ਨਾਮ:-'ਪੁਰਸ਼ ਜਿਨ੍ਹਾਂ ਨੇ ਭਾਰਤ ਤੇ ਰਾਜ ਕੀਤਾ।' ਤੇ ਜਿਸਦਾ ਲੇਖਕ ਹੈ ਫਿਲਿਪ ਵੁਡਰਫ. ਜਿਸਦੀ ਪਹਿਲੀ ਜਿਲਦ ੧੯੫੩ ਤੇ ਦੂਜੀ ੧੯੫੪ ਵਿਚ ਆਲਡਨ ਪ੍ਰੈਸ, ਆਕਸਫੋਰਡ, ਬ੍ਰਤਾਨੀਆਂ ਵਿਚ ਪ੍ਰਕਾਸ਼ਤ ਹੋਈ, ਵਿਚੋਂ ਨਾਮਧਾਰੀਆਂ ਨਾਲ ਸੰਬੰਧਤ ਕੁਝ ਸਤਰਾਂ ਨੋਟ ਕਰਕੇ ਅੰਗਰੇਜ਼ੀ ਵਿਚ (ਕਿਉਂਕਿ ਪੁਸਤਕ ਵੀ ਅੰਗਰੇਜ਼ੀ ਵਿਚ ਛਪੀ ਹੈ) ਭੇਜੀਆਂ ਹਨ। ਇਹਨਾਂ ਸਤਰਾਂ ਦਾ ਪੰਜਾਬੀ ਵਿਚ ਅਨੁਵਾਦ ਸ੍ਰੀਮਾਨ ਮਾਸਟਰ ਨਿਹਾਲ ਸਿੰਘ ਜੀ ਨੇ ਕੀਤਾ ਹੈ।ਇਹ ਸਤਰਾਂ ਇਤਹਾਸ ਲੇਖਕਾਂ ਲਈ ਯੋਗ ਹਵਾਲੇ ਦਾ ਕੰਮ ਦੇਣਗੀਆਂ, ਸੋ ਸਤਿਜੁਗ ਦੇ ਪਾਠਕਾਂ ਦੀ ਭੇਟ ਕਰ ਰਿਹਾ ਹਾਂ।–[ਪ.ਸ.ਕ.

ਪਿਛੇ ਜਹੇ ਜਾਕੇ ਇਹ ਲੀਹ ਪੈ ਗਈ ਕਿ ਭਾਰਤੀਆਂ ਅਤੇ ਅੰਗਰੇਜ਼ਾਂ ਵਿਚਾਲੇ ਕੁਰਿਤਣ ਨੂੰ ਵਿਦਰੋਹ ਦਾ ਨਾਉਂ ਦਿਤਾ ਜਾਣ ਲਗ ਪਿਆ। ਭਾਵੇਂ ਵਿਦਰੋਹ ਦੀ ਯਾਦਾਂ ਨੂੰ ਕੁਲੀ ਤੌਰ ਤੇ ਭੁਲਾਇਆ ਨਹੀਂ ਜਾ ਸਕਦਾ, ਮਗਰ ਸਮੇ ਦੇ ਲਿਖਾਰੀਆਂ ਦਾ ਵਿਚਾਰ ਹੈ ਕਿ ਇਹ ਜ਼ਖਮ ਛੇਤੀ ਭਰ ਜਾਣਗੇ। ਵਿਦਰੋਹ ਤੋਂ ਪਹਿਲਾਂ ਦੇ ਦੁਖਾਂਤ ਤੇ ਤਰੁਟੀਆਂ ਨੂੰ ਬੜੇ ਠਰੰਮੇ ਨਾਲ ਤਕਿਆ ਗਿਆ। ਮਗਰ ਪਿਛੋਂ ਜਹੇ ਜਾਕੇ ਉਹਨਾਂ ਨੂੰ ਬੌਬਾ ਬਣਾ ਦਿਤਾ।੧੮੭੨ ਵਿਚ ਕਾਵਨ ਦੀ ਘਟਨਾ ਉਸਦੀ ਇਕ ਉਦਾਹਰਣ ਹੈ। ਸਿਖਾਂ ਵਿਚੋਂ ਮਜ਼ਬੀ ਦੀਵਾਨੇ ਕੂਕਿਆਂ ਦੇ ਇਕ ਜਥੇ ਨੇ ਇਕ ਰਿਆਸਤ ਤੇ ਹੱਲਾ ਬੋਲ ਦਿਤਾ। ਉਹਨਾਂ ਨੂੰ ਹਾਰ ਦਿਤੀ ਗਈ। ਕਈ ਮਾਰੇ ਗਏ ਤੇ ੯੮ ਕੂਕੇ ਗ੍ਰਿਫਤਾਰ ਕੀਤੇ ਗਏ। ਇਹ ੯੮ ਬੰਦੇ, ਕਾਵਨ, ਜਿਹੜਾ ਕਿ ਨੇੜੇ ਦਾ ਡਿਪਟੀ ਕਮਿਸ਼ਨਰ ਸੀ ਦੇ ਹਵਾਲੇ ਕੀਤੇ ਗਏ। ਕਾਵਨ ਸਿਵਲ ਸਰਵਿਸ ਦਾ ਮੈਂਬਰ ਨਹੀਂ ਸੀ ਤੇ ਨਾ ਹੀ ਬਰੂਸ ਵਾਂਗੂੰ, ਉਸਨੂੰ ਕਿਸੇ ਪ੍ਰਕਾਰ ਦੇ ਅਧਿਕਾਰ ਪ੍ਰਾਪਤ ਸਨ।ਮਗਰ ਉਨ੍ਹਾਂਨੂੰਉਸ,ਜੋ ਕਿ ਪੰਜਾਬ ਦੇ ਹਾਲਾਤ ਅਨੁਸਾਰ, ਜਿਹੜੇ ਕਿ ਕਿਸੇ ਹੋਰ ਰਾਜ ਵਿਚ ਨਹੀਂ ਸਨ, ਵੇਲੇ ਦੀ ਇਕ, ਕੁਵੇਲੇ ਦੀਆਂ ਦਸਾਂ ਨਾਲੋਂ ਚੰਗਾ ਜਾਣਦਾ ਸੀ, ਦੇ ਹਵਾਲੇ ਕੀਤਾ ਗਿਆ। ਕੈਦੀਆਂ ਨੂੰ ਮਹਾਰਾਣੀ ਦੇ ਖਿਲਾਫ ਹਥਿਆਰ ਉਠਾਏ ਮੰਨਿਆ ਗਿਆ ਇਸਤੋਂ ਵਧ ਕਿਸੇ ਸਬੂਤ ਦੀ ਲੋੜ ਨਹੀਂ ਸੀ। ਹਿੰਦ ਡੰਡਾਵਲੀ ਦੀ ਧਾਰਾ ੧੨੧ ਅਨੁਸਾਰ,ਉਹ ਮੌਤ ਦੇ ਹਕਦਾਰ ਸਨ। ਕੋਈ ਅਜੇਹੀ ਸੰਭਾਵਨਾਂ ਵੀ ਨਹੀਂ ਸੀ ਕਿ ਉਹਨਾਂ ਨੂੰ ਡੰਡ ਨਹੀਂ ਦਿਤਾ ਜਾਵੇਗਾ।

ਕਾਵਨ ਨੇ ਫੈਸਲਾ ਕੀਤਾ ਕਿ ਇਹਨਾਂ ਦੇ ਤਟ ਫਟ ਕਤਲਾਂ ਦਾ ਸਿਟਾ ਬਹੁਤ ਵੱਡਾ ਨਿਕਲੇਗਾ ਅਤੇ ਕਿਸੇ ਹੋਰ ਵਧੇਰੇ ਗੜਬੜੀ ਦੇ ਫੈਲਾਣ ਦੀ ਸੰਭਾਵਨਾ ਨਹੀਂ ਰਹੇਗੀ ਉਸਨੇ ੪੯ ਬੰਦਿਆਂ ਨੂੰ ਗੈਰ-ਕਾਨੂੰਨੀ ਤੌਰ ਤੇ ਤੋਪਾਂ ਨਾਲ ਉਡਵਾ ਦਿਤਾ। ਹਾਲਾਂਕਿ ਮੌਤ ਡੰਡ ਉਸਦੇ ਅਧਿਕਾਰਾਂ ਤੋਂ ਬਾਹਰ ਸੀ ਅਤੇ ਇਸਦੇ ਨਾਲ ਹੀ ਉਸਦੇ ਕਮਿਸ਼ਨਰ ਦੀ ਚਿਠੀ ਉਸਨੂੰ ਸਾਫ ਸ਼ਬਦਾਂ ਵਿਚ ਉਸਦੀ ਉਡੀਕ ਕਰਨ ਦੀ ਸੀ।

ਫੋਰਜੀਅਥ ਨੇ ਵੀ ਹਾਲਾਤ ਅਨੁਸਾਰ ਜੋ ਕੁਝ ਵਾਪਰਿਆ ਸੀ, ਹਾਂ ਵਿਚ ਹਾਂ ਮਿਲਾ ਦਿਤੀ। ਹਿੰਦ ਸਰਕਾਰ ਨੂੰ ਭਾਸਿਆ ਕਿ ਇਹ ਗੈਰਕਾਨੂੰਨੀ ਕਾਰਵਾਈ ਲੋੜ ਤੋਂ ਵਧੇਰੇ ਸੀ। ਉਸਨੇ ਕਾਵਨ ਨੂੰ ਨੌਕਰੀ ਤੋਂ ਹਟਾ ਦਿਤਾ। ਮਗਰ ਵਲੈਤੀ ਅਖਬਾਰਾਂ ਨੇ ਬੜਾ ਚੀਕ ਚਹਾੜਾ ਪਾਇਆ ਕਿ ਉਸ ਨਾਲ ਬੇਇਨਸਾਫੀ ਹੋਈ ਹੈ।

# ਅੱਖੀਆਂ ਵਿਚ ਤੂੰ ਪਿਆ ਵਸੈਂ

[ਸ੍ਰੀ ਮਤੀ ਸਰਦਾਰਨੀ ਲੀਲ੍ਹਾ ਜੀ ਦਿਲੀ

ਜਗਜੀਤ ਦੀਏ ਤਸਵੀਰੇ ਜੀ ਤਸਵੀਰੇ, ਕੀਹ ਕੋਲ ਹੈ ਜਾਦੂ ਤੇਰੇ।
ਤੇਰੇ ਨੈਣ ਕਟੋਰੇ ਅੰਮ੍ਰਿਤ ਜੀ ਅੰਮ੍ਰਿਤ, ਰਸ ਪੀ ਪੀ ਜਾਣ ਘਨੇਰੇ।
ਤੇਰੇ ਸੀਸ ਫੁਲਾਂ ਦੇ ਸੇਹਰੇ ਜੀ ਸੇਹਰੇ, ਪਏ ਮਹਿਕਣ ਚਾਰ ਚੁਫੇਰੇ।
ਤੇਰੇ ਮੁਖ ਵਿਚ ਅੰਮ੍ਰਿਤ ਬਾਣੀ ਜੀ ਬਾਣੀ, ਬਾਣੀ ਵਿਚ ਰਤਨ ਘਣੇਰੇ।

ਜੋ ਸੁਣਦੇ ਉਹ ਸੁਖ ਪਾਂਦੇ ਜੀ ਪਾਂਦੇ, ਜੋ ਮੰਨਦੇ, ਹੋਣ ਵਡੇਰੇ।
ਤੇਰੇ ਹਥ ਬਖਸ਼ਸ਼ ਦੀ ਕੁੰਜੀ ਜੀ ਕੁੰਜੀ, ਮਾਲਾ ਕਟਦੀ ਜਨਮ ਦੇ ਗੇੜੇ।
ਜੋ ਮਾਲਾ ਫੇਰਨ ਤੇਰੀ ਜੀ ਤੇਰੀ, ਮੈਂ ਵਾਰੀ ਚਾਰ ਚੁਫੇਰੇ।
ਦ੍ਰਿੜ੍ਹ ਆਸਣ ਤੇਰਾ ਤਕਕੇ ਜੀ ਤਕਕੇ, ਸ਼ਿਵ ਭੁਲੇ ਕੈਲਾਸ਼ ਦੇ ਡੇਰੇ।

ਉਸ ਬੈਠ ਸਮਾਧੀ ਲਾਈ ਜੀ ਲਾਈ, ਤੇਰੀ ਆਸਾ ਦੀ ਵਾਰ ਦੇ ਵੇਰੇ।
ਜਿਸ ਘਰ ਤੂੰ ਚਰਨ ਟਿਕਾਏ ਜੀ ਟਿਕਾਏ, ਮੰਨ ਅਰਜਾਂ ਪਾਏ ਫੇਰੇ।
ਅੰਨ ਧੰਨ ਦੇ ਭਰੇ ਭੰਡਾਰੇ ਜੀ ਭੰਡਾਰੇ, ਨਾਲੇ ਮੁਕਤੀ ਲਾਏ ਡੇਰੇ।
ਤੂੰ ਹਰਿ ਬੇ-ਅੰਤ ਸ਼ੁਰੂ ਤੋਂ ਸ਼ੁਰੂ ਤੋਂ, ਲੀਲਾ ਤਕਦੀ ਨਜ਼ਾਰੇ ਤੇਰੇ।

ਮੈਂ ਦਾਸੀ ਜਨਮ ਜਨਮ ਦੀ ਜੀ ਜਨਮ ਦੀ, ਕਟੋ ਜਨਮ ਜਨਮ ਦੇ ਗੇੜੇ।
ਜਦ ਵੀ ਸ੍ਰਿਸਟੀ ਤੇ ਆਵੇ ਜੀ ਆਵੇ, ਮੈ ਨਾਲ ਹੀ ਆਵਾਂ ਤੇਰੇ।
ਅੱਖੀਆਂ ਵਿਚ ਤੂੰ ਪਿਆ ਵਸੇਂ ਜੀ ਵਸੇਂ, ਮੈਂ ਪਾਵਾਂ ਦਰਸ਼ਨ ਤੇਰੇ।
ਤੇਰੇ ਰਾਹ ਵਿਚ ਨੈਣ ਵਿਛਾਵਾਂ ਜੀ ਵਿਛਾਵਾਂ, ਜਿਤ ਵਲ ਤੂੰ ਪਾਵੇਂ ਫੇਰੇ।

Namdhari Elibrary NamdhariElibrary@gmail.com

# ਨਿਰੰਤਰ ਵਹਿੰਦੀ ਗੁਰੂ--ਗੰਗਾ

[ਸ੍ਰੀ ਮਤੀ ਬੀਬੀ ਲੀਲ੍ਹਾ ਵੰਤੀ ਜੀ ਸ੍ਰਦਾਰਨੀ,
ਸਵਰਗਵਾਸੀ ਸ੍ਰ. ਆਤਮਾ ਸਿੰਘ ਜੀ, ਪ੍ਰਤਾਪ ਬਾਗ, ਦਿੱਲੀ।

ਪੱਕੀ ਉਮਰ ਦੇ ਪੋਚ ਚੋਂ ਅਜੇਹਾ ਵਿਰਲਾ ਕੋਈ ਨਾਮਧਾਰੀ ਹੋਵੇਗਾ, ਜਿਨ੍ਹੂੰ ਸਤਿਕਾਰ ਯੋਗ ਸਰਦਾਰਨੀ ਲੀਲ੍ਹਾਵੰਤੀ ਜੀ ਦੀ ਵਾਕਫ਼ੀ ਦੀ ਲੋੜ ਹੋਵੇ। ਸ੍ਰਦਾਰਨੀ ਤੇ ਸ੍ਰ. ਆਤਮਾ ਸਿੰਘ ਜੀ ਦਾ ਕਿਸੇ ਹੋਲੇ ਮੇਲੇ ਤੇ ਪਹੁੰਚ ਜਾਣਾ–'ਏਕ ਜੋਤਿ ਦੁਇ ਮੂਰਤੀ'' ਦਾ ਐਸਾ ਚਿਤਰ ਰੂਪ ਮਾਨ ਹੋ ਜਾਂਦਾ ਕਿ ਹਰੇਕ ਦਰਸ਼ਕ ਦੇ ਮਨ ਵਿਚ ਅਜੇਹਾ ਜੋੜਾ ਬਣਨ ਦੀ ਰੀਝ ਉਠਦੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰ ਵਿਚ ਰੰਗਿਆ ਏਹ ਜੋੜਾ ਜਦੋਂ ਵੀ ਕੁਛ ਮੂਹੋਂ ਆਖਦਾ ਜੋ ਕੁਛ ਵੀ ਕਰਦਾ, ਹਰੇਕ ਨੂੰ ਸੁਹਣਾ ਤੇ ਪਿਆਰਾ ਲਗਦਾ। ਇਹ ਦੰਪਤੀ ਮਾਇਆ ਵਿਚ ਉਦਾਸ ਰਹਿਣ ਵਾਲੀ ਤੇ ਗੁਰੂ ਚਰਨਾਂ ਦੀ ਮਹਾਨ ਭਗਤ ਸੀ। ਬਾਹਰਲੇ ਦਰਸ਼ਨ ਵੀ ਬਹੁਤ ਪ੍ਰਭਾਵ ਰਖਦੇ ਹਨ, ਪਰ ਅੰਦਰ ਗੁਰ ਸਿਖੀ ਦੀ ਭਾਵਨਾਂ ਏਡੀ ਪ੍ਰਚੰਡ ਜਗਮਗਾ ਰਹੀ ਹੈ ਕਿ ਝਲਕ ਪੈਂਦਿਆਂ ਹੀ ਕਾਫਰ ਤੋਂ ਕਾਫਰ ਆਦਮੀ ਸਿਰ ਝੁਕਾ ਦਿੰਦਾ ਹੈ। (ਸ੍ਰਦਾਰ ਜੀ ਦੇ ਸਵਰਗਵਾਸ ਤੋਂ ਬਾਦ ਜਿਸਨੂੰ ਸਤ ਸਾਲ ਹੋ ਗਏ ਨੇ) ਇਹ ਵਿਛੜੀ ਕੋਇਲ *ਕਿਸ ਪਿਆਰ ਤੇ ਕਿਸ ਸ਼ਰਧਾ ਨਾਲ, ਪੱਤੇ ਪੱਤੇ ਡਾਲੀ ਡਾਲੀ ਚੋਂ ਸਤਿਗੁਰੂ* ਪਿਆਰ ਤੇ ਨਾਲ ਨਾਲ ਆਪਣੇ ਵਿਛੜੇ ਸਰਦਾਰ ਦੀ ਯਾਦ ਨਾਲ ਕੂਕਦੀ ਹੈ। ਇਸਦਾ ਪਤਾ ਹਰੇਕ ਪਾਠਕ ਨੂੰ ਸਹਿਜੇ ਹੀ ਲਗ ਜਾਏਗਾ।–ਭਾਈ ਨੰਦ ਲਾਲ ਜੀ ਦੀਆਂ ਉਦਾਹਰਣਾਂ ਰਾਹੀ ਬੀਬੀ ਜੀ ਨੇ ਆਪਣੇ ਪਿਆਰ ਅਤੇ ਸਤਿਕਾਰ ਨੂੰ ਜ਼ਬਾਨ ਦਿਤੀ ਹੈ।

ਮੈਂ ਕ੍ਰਿਤਗਯ ਹਾਂ ਕਿ ਆਦਰ ਯੋਗ ਸਰਦਾਨੀ ਜੀ 'ਸਤਿਜੁਗ' ਨੂੰ ਆਪਣੇ ਮਨ ਦੀ ਅਵਾਜ਼ ਦਾ ਮਾਧਿਅਮ ਬਣਾ ਲੈਂਦੇ ਹਨ। [ਪ.ਸ.ਕ.

ਕਦਰ ਲਾਲੇ ਓ ਬਜਜ਼,
ਆਸ਼ਿਕ ਨਦਾਨਦ ਚੇਚ ਕਸ।
ਕੀਮਤੇ ਯਾਕੂਤ ਦਾਨਦ ਚਸ਼ਮੇ,
ਗੌਹਰ ਬਾਰਿ ਮਾ।

ਇਹ ਗਜ਼ਲ ਸ੍ਰੀ ਭਾਈ ਨੰਦ ਲਾਲ ਜੀ ਗੋਯਾ ਜੇਹੜੇ ਬਹਾਦ੍ਰ ਸ਼ਾਹ (ਔਰੰਗਜੇਬ ਬਾਦਸ਼ਾਹ ਦੇ ਬੇਟੇ) ਦੇ ਮੀਰ ਮੁਨਸ਼ੀ (ਵਜ਼ੀਰੇ ਆਜ਼ਿਮ) ਸਨ ਉਨ੍ਹਾਂ ਦੀ ਹੈ। ਭਾਈ ਨੰਦ ਲਾਲ ਜੀ ਫਾਰਸੀ ਦੇ ਬੜੇ ਆਲਿਮ ਤੇ ਕੁਰਾਨ ਸ਼ਰੀਫ਼ ਦੇ ਚੰਗੇ ਵਕਤਾ ਸਨ।

ਇਕ ਵਾਰੀ ਔਰੰਗਜੇਬ ਨੇ ਇਕ ਕੁਰਾਨ ਸ਼ਰੀਫ਼ ਦੀ ਆਇਤ ਦਾ ਅਰਥ (ਮੈਹਨਾ) ਵਡੇ ਵਡੇ ਦਰਬਾਰੀ ਮੁਲਾਣਿਆਂ ਅਤੇ ਬਹਾਦਰ ਸ਼ਾਹ ਪਾਸੋਂ ਪੁਛਿਆ, ਪਰ ਉਹ ਕਿਸੀ ਨੂੰ ਵੀ ਨ ਆਇਆ। ਤਾਂ ਬਹਾਦਰ ਸ਼ਾਹ ਨੇ ਇਹਨਾਂ (ਭਾਈ ਨੰਦ ਲਾਲ ਜੀ) ਪਾਸੋਂ ਪੁਛਿਆ। ਇਹਨਾਂ ਝਟ ਪਟ ਉਸ

Namdhari Elibrary NamdhariElibrary@gmail.com

ਆਇਤ ਦਾ ਸਹੀ ਮਾਇਨਾ ਦਸ ਦਿਤਾ। ਬਹਾਦੁ ਸ਼ਾਹ ਨੇ ਆਪਣੇ ਪਿਤਾ ਨੂੰ ਦਸਿਆ ਤਾਂ ਉਹ ਕਹਿਣ ਲਗਾ:–'ਜਿਸਨੇ ਇਹ ਅਰਥ ਦਸਿਆ ਹੈ, ਉਹਨੂੰ ਮੇਰੇ ਪੇਸ਼ ਕਰੋ।'

ਬਹਾਦਰ ਸ਼ਾਹ ਆਪਣੇ ਪਿਤਾ ਨੂੰ ਜਾਣਦਾ ਸੀ। ਉਸਨੇ ਭਾਈ ਨੰਦ ਲਾਲ ਜੀ ਨੂੰ ਕਿਹਾ ਕਿ ਹੁਣ ਆਪਦਾ ਧਰਮ ਖਤਰੇ ਵਿਚ ਹੈ, ਸੋ ਜਿਥੇ ਤੁਹਾਨੂੰ ਪਨਾਹ ਮਿਲਦੀ ਹੈ, ਚਲੇ ਜਾਓ।

ਭਾਈ ਨੰਦ ਲਾਲ ਜੀ ਦੀ ਸੰਗਤ ਕੁਛ ਗੁਰੂ ਕਿਆਂ ਸਿਖਾਂ ਨਾਲ ਵੀ ਸੀ। ਉਹਨਾਂ ਕਿਹਾ ਕਿ ਗੁਰੂ ਨਾਨਕ ਪਾਤਸ਼ਾਹ ਦੀ ਪਾਵਨ ਗਦੀ ਦੇ:– ਹਰਿਜੁਗਹਿ ਜੁਗਹਿ ਜੁਗ ਜੁਗਹਿ ਜੁਗਹਿ ਸਦ ਪੀੜੀ ਗੁਰੂ ਚਲੰਦੀ।' ਤਖਤ ਤੇ ਦਸਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ। 'ਉਹ ਗੁਰੂ ਗੋਬਿੰਦ ਹੋਇ ਪ੍ਰਗਟਿਆ ਦਸਵਾ ਅਵਤਾਰਾ। ਜਿਨ ਪੰਥ ਚਲਾਇਉ ਖਾਲਿਸਾ ਧਰ ਤੇਜ ਕਰਾਰਾ।'
ਬੇ ਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ।
ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ।
ਪਾਤਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ।

ਤੁਸੀਂ ਐਸੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਚਲੇ ਜਾਉ। ਇਹ ਰਾਤੋ ਰਾਤ ਦਿਲੀ ਛਡ ਕੇ ਅਨੰਦ ਪੁਰ ਆ ਗਏ। ਆਕੇ ਸਾਹਿਬਾਂ ਦੇ ਦੀਦਾਰ ਕੀਤੇ। ਚਰਨ ਕੰਵਲ ਪਰਸੇ। ਤਾਂ ਭਾਈ ਨੰਦ ਲਾਲ ਜੀ ਨੂੰ ਉਸ ਵਾਹਦ ਹਕ ਰਬ ਦਾ ਸਾਖਿਆਤ ਦੀਦਾਰ ਹੋਗਿਆ। ਜੈਸਾ ਕਿ ਉਹਨਾਂ ਨੇ ਅਪਣੀਆਂ ਪਾਵਨ ਗਜ਼ਲਾਂ ਵਿਚ ਲਿਖਿਆਹੈ। 'ਕੂਚਾ ਗਲੀ ਤੁਸਾਡੀ ਦਾ ਬਾਗ ਬਹਿਸ਼ਤੋਂ ਡਾਢਾ ਵਾਹਿਗੁਰੂ ਦਿਖਲਾਵਣ ਵਾਲਾ ਸ਼ੀਸਾ ਮੁਖ ਤੁਸਾਡਾ।'

ਗੁਰਾਂ ਦੇ ਕੇਸਾਂ ਨੂੰ ਤਕਕੇ ਉਹਨਾਂ ਤੇ ਮਸਤੀ ਦਾ ਆਲਿਮ ਛਾ ਗਿਆ ਤੇ ਬੇਇਖਤਿਆਰ ਕੂਕਣ ਲਗੇ।

ਕਲਗੀ ਧਰ ਦਿਆ ਕੇਸਾਂ ਨੂੰ ਜਦ ਪਵਨ ਖਿਲਾਰਨ ਆਈ।
(ਮੇਰਾ) ਦਿਲ ਦੀਵਾਨਾ ਫਾਹਨ ਖਾਤਿਰ ਖੂਬ ਬਣਾਈਓ ਨੇ ਫਾਹੀ। ਮੁਕਦੀ ਗਲ ਕੀਹ ਭਾਈ ਜੀ ਨੂੰ ਜੀਵਨ ਪ੍ਰਾਪਤ ਕਰਨ ਅਤੇ ਇਸ ਸ੍ਰਿਸਟੀ ਤੇ ਆਵਣ ਦਾ ਫਲ ਹੀ ਗੁਰਾਂ ਦੀ ਭਗਤੀ ਦਿਸਣ ਲਗ ਪਿਆ। ਜੈਸਾ ਕਿ,

ਚਾਹਵਾਏ ਬੰਦਗੀ ਆਵੁਰਦ ਦਰ ਵਜੂਦ ਮਰਾ। ਵਗਰਨਾ ਜੋ ਕਿ ਚੁਨੀ ਆਮਦਨ ਨਬੂਦ ਮਰਾ। ਚਾਹਿ ਤੁਹਾਡੀ ਭਗਤੀ ਵਾਲੀ ਇਸ ਤਨ ਵਿਚ ਲਿਆਈ, ਮੇਰੇ ਮਾਹੀ। ਨਹੀਂ ਤੇ ਏਥੇ ਔਣ ਦੀ ਸਾਨੂੰ ਹਰਗਿਜ਼ ਲੋੜ ਨਾ ਆਹੀ, ਰਾਮ ਦੁਹਾਈ।।"

ਇਹ ਬੜੇ ਭਾਗਾਂ ਵਾਲੀ ਗਲ ਹੈ ਕਿ ਇਸ ਸ੍ਰਿਸ਼ਟੀ ਤੇ ਮਨੁਖਾ ਜਨਮ ਪਾਕੇ ਇਸਦਾ ਫ਼ਲ ਮਿਲੇ ਕਿ ਗੁਰੂ ਦੇ ਮੁਖ ਤੋਂ ਅਕਾਲ ਪੁਰਖ ਦਾ ਜਲਵਾ ਨਜਰ ਆ ਜਾਵੇ। ਗੁਰੂ ਦਾ ਜਾਣਨਾ ਬਹੁਤ ਹੀ ਮੁਸ਼ਕਿਲ ਹੈ ਤੇ ਇਹ ਸਮਝ ਆ ਜਾਣੀ ਕਿ 'ਗੁਰੂ ਨਰਾਇਣ, ਦਯ ਗੁਰ, ਗੁਰੁ ਸਚਾ ਸਿਰਜਣ ਹਾਰ।' ਪੁਨਾ:–'ਗੁਰ ਗੋਬਿੰਦ, ਗੋਬਿੰਦ ਗੁਰੂ ਹੈ, ਨਾਨਕ ਭੇਦ ਨ ਭਾਈ।' ਪੁਨਾ:- ਗੁਰੂ ਨਾਨਕ ਦੇਵ ਗੋਬਿੰਦ ਰੂਪ। ਪੁਨਾ:- "ਆਪ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਓ।' ਇਹ ਨਾਲ ਫੁਰਮਾਂਦੇ ਹਨ:-

ਵਡੇ ਭਾਗ ਭੇਟੇ ਗੁਰੁ ਦੇਵਾ।

ਪੁਨਾ:- 'ਵਡ ਭਾਗੀ ਗੁਰੁ ਸੰਗਤਿ ਆਵਹਿ।
ਪੁਨਾ:- ਜਿਨਾ ਮਸਤਕ ਧੁਰਿ ਹਰਿ ਲਿਖਿਆ, ਤਿਨਾਂ ਸਤਿਗੁਰ ਮਿਲਿਆ।"

ਸਾਰੀ ਗਲ ਦਾ ਭਾਵ ਇਹ ਹੈਕਿ ਸਤਿਗੁਰ ਦਾ ਮਿਲਣਾ, ਸਤਿਗੁਰੂ ਦਾ ਦਰਸ਼ਨ, ਗੁਰੂ ਦਾ ਸ਼ਬਦ ਸੁਣਨਾ, ਪੈਰਾਂ ਨਾਲ ਗੁਰੂਵਲ ਚੱਲਕੇ ਜਾਣਾ, ਹਥਾਂ ਨਾਲ ਕੋਈ ਗੁਰੂ ਦੀ ਸੇਵ ਕਮਾਵਣੀ, ਗੁਰੂ ਦੀ ਹੋਂਦ ਦਾ ਮਨ ਵਿਚ ਅਹਿਸਾਸ ਹੋਣਾ, ਗੁਰੂ ਦਾ ਆਪਣੇ ਨਾਲ ਨਾਲ ਦਿਸਣਾ, ਇਹ ਕੋਈ ਮਾਮੂਲੀ ਗੱਲਾਂ ਨਹੀਂ।

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ। ਮਿਟਿਓ ਅੰਧੇਰ ਮਿਲਤ

ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।

ਇਹੋ ਜੇਹੇ ਨਿਸਚੇ ਨਾਲ ਭਾਈ ਜੀ ਗੁਰੂ ਕੀ ਸੰਗਤ ਵਿਚ ਪ੍ਰਵੇਸ਼ ਕਰ ਗਏ। ਜਦ ਸਿਖਾਂ ਨੂੰ ਮਿਲਣ ਜੁਲਣ ਲਗੇ ਤਾਂ ਕੀ ਤਕਿਆ ਕਿ ਕਈ ਸਿਖ ਬਚਨ ਕਰਦੇ ਹਨ ਕਿ ਭਾਈ ਗੁਰੂ ਤਾਂ ਮਾਲਾ ਫੇਰਦੇ ਸਨ ਤੇ ਧਰਮ ਦਾ ਉਪਦੇਸ਼ ਦਿੰਦੇ ਸਨ। ਇਹ ਤਾਂ ਸ਼ਸ਼ਤ੍ਰ ਰਖਣ ਲਗ ਪਏ ਹਨ ਤੇ ਮਾਲਾ ਦੀ ਥਾਵੇਂ ਇਹਨਾਂ ਬਾਜ ਰਖ ਲਿਆ ਹੈ ! ਇਹ ਨਹੀਂ ਸਨ ਜਾਣਦੇ ਤੇ ਇਹਨਾਂ ਦਾ ਪ੍ਰੇਮੀ ਮਨ ਜੋ ਕਿ ਦਸਮ ਗੁਰੂ ਦੀ ਇਕਾ ਨਿਗਾਹ ਨਾਲ ਮਸਤ ਹੋ ਗਿਆ ਸੀ:–

ਕਹੁ ਕਬੀਰ ਗੂੰਗੇ ਗੁੜ ਖਾਇਆ,
ਪੂਛੇ ਤੇ ਕਿਆ ਕਹੀਐ।

ਇਹਨਾਂ ਦਾ ਹਾਲ ਸੀ ਬੁਲ੍ਹੇ ਸ਼ਾਹ ਵਾਂਗ ਕਿ:–

ਕਹਿਣ ਸੁਣਨ ਤੋਂ ਬਾਹਿਰ ਹੋਈ,
ਸਾਡੀ ਅਕਥ ਕਹਾਣੀ।
ਭਗਤਾਂ ਤੇ ਸੈਸਾਰੀਆਂ ਜੋੜ ਕਦੇ ਨ ਆਇਆ।

ਸੰਸਾਰ ਦੀ ਗਲ ਤਾਂ ਮਹੰਤ ਮਤਾਬ ਸਿੰਘ ਜੀ ਜੋ ਇਕ ਅਜੀਬ ਪੂਰਨ ਸੰਤ ਸਨ ਤੇ ਪੂਰਨ ਨਿਸਚਾ ਸ੍ਰੀ ੧੦੮ ਪਾਤਸਾਹਾ ਸਤਿਗੁਰੂ ਰਾਮ ਸਿੰਘ ਜੀ ਤੇ ਰਖਦੇ ਸਨ ਤੇ ਅਟਲ ਪ੍ਰਤਾਪੀ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੇ ਭਉਰੇ ਸਨ, ਇਕਤਾਰੇ ਨਾਲ ਬਹੁਤ ਵਧੀਆ ਕੀਰਤਨ ਕਰਦੇ ਸਨ। ਪੜ੍ਹਦੇ ਹੁੰਦੇ ਸਨ:–

ਜਦੋਂ ਜੀਂਵਦੇ ਨਾਹ ਯਕੀਨ ਆਹਾ,
ਮਰ ਗਿਆ ਤਾਂ ਥੜਾ ਬਨਾਇਓ ਨੇ।
ਚਲੀ ਆਂਵਦੀ ਜਗਤ ਦੀ ਚਾਲ ਇਹੋ,
ਸਚ ਸੁਥਰੇ ਸ਼ਾਹ ਫੁਰਮਾਇਓ ਨੇ।

ਗੁਰੂ ਨਾਨਕ ਪਾਤਸ਼ਾਹ ਜਦ ਸੰਸਾਰ ਯਾਤਰਾ ਪੂਰੀ ਕਰ ਗਏ ਤਾਂ ਲੋਕੀਂ ਕਹਿਣ ਲਗੇ ਕਿ ਅਜ ਇਹ ਲਹਿਣਾ ਜੇਹੜਾ ਕਲ ਪੰਡਾਂ ਢੋਂਦਾ ਸੀ, ਗੁਰੂ ਕਿਵੇਂ ਬਣ ਗਿਆ ? ਇਸੇਤ੍ਰਾਂ ਜਦ ਛੇਵਾਂ ਪਾਤਸ਼ਾਹ:–

ਦਲ ਭੰਜਨ ਗੁਰੂ ਸੂਰਮਾ,
ਵਡ ਜੋਧਾ ਬਹੁ ਪਰਉਪਕਾਰੀ।

ਤਖਤ ਨਸ਼ੀਨ ਹੋਇਆ ਤਾਂ ਕਈ ਸਿਖ ਵਿਟਰ ਗਏ। ਕਹਿਣ ਲਗੇ:–ਤਕੋ ਜੀ, ਗੁਰੂ ਤਾਂ ਘੋੜੇ ਤੇ ਚੜ੍ਹਕੇ ਫੌਜਾਂ ਰਖਣ ਲਗ ਪਿਆ ਹੈ। ਇਤੀ ਆਦਿ। ਜਦ ਦਸਵੇਂ ਪਾਤਸ਼ਾਹ ਪ੍ਰਗਟੇ ਤੇ ਭਾਈ ਨੰਦ ਲਾਲ ਜੀ ਦਾ ਸ਼ਰਧਾਲੂ ਮਨ ਸੁਣ ਨਾਹ ਸਕਿਆ ਗੁਰੂ ਕੀ ਨਿੰਦਾ। ਜਦ ਪਾਤਸਾਹਾਂ ਦੇ ਪਾਤਸ਼ਾਹ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਹਜ਼ਰੋਂ ਸਾਹਿਬ ਅਵਤਰੇ ਤਾਂ ਵੀ ਨਿੰਦਕ ਨਾਲੋ ਨਾਲ ਨਿੰਦਾ ਕਰਦੇ ਰਹੇ। ਅਕਾਲ ਪੁਰਖ ਜਦ ਬਾਰ੍ਹਵੇਂ ਜਾਮੇ ਵਿਚ ਅਵਤੀਰਨ ਹੋਏ ਤਾਂ ਵੀ ਦੋਖੀਆਂ ਨੇ ਨਿੰਦਾ ਦੀ ਹਦ ਕਰ ਦਿਤੀ ਤੇ ਕਹਿਣ ਲਗੇ ਕਿ ਐਵੇਂ ਹੀ ਇਹਨਾਂ ਨੇ ਪੰਥ ਨਵਾਂ ਚਲਾਇਆ ਹੈ।

ਇਸੀਤ੍ਰਾਂ ਜਦ ਸਾਡੇ ਮੇਰੇ ਤੇ ਸਰਦਾਰ [ਸ੍ਰ. ਆਤਮਾ ਸਿੰਘ] ਜੀ ਦੇ ਦੋਨਾਂ ਦੇ ਭਾਗ ਉਦੇ ਹੋਏ ਤਾਂ ਸਾਨੂੰ ਪਾਰਟੀਏ ਆਖਣ–'ਬੀਬੀ ਜੀ! ਤੁਸਾਂ ਗੁਰੂ ਹਰੀ ਸਿੰਘ ਜੀ ਪਾਤਸ਼ਾਹਠੰਢੀ ਮੂਰਤੀ ਦੇ ਦਰਸਨ ਨਹੀਂ ਕੀਤੇ ? ਉਹ ਪੂਰੇ ਗੁਰੂ ਸਨ ਹੁਣ ਤੇ ਐਂਵੇ ਹੀ।' ਸੋ ਮੈਂ ਨਿੰਦਾ ਸੁਣਕੇ ਰੋਵਾਂ ਤੇ ਬਾਹਰੋਂ ਚੁਪ ਕਰ ਰਹਿਣਾ।

ਇਸੀ ਤ੍ਰਾਂ ਹੁਣ ਵੀ ਉਹ ਭੱਦਰਪੁਰਸ਼ ਆਪਣੀ ਚਾਲੋਂ ਬਾਜ਼ ਨਹੀਂ ਆਂਦੇ ਤੇ ਗੁਰੂ ਕੀ ਨਿੰਦਾ ਕਰਕੇ ਆਪਣੇ ਲਈ ਨਰਕ ਦਾ ਰਾਹ ਬਣਾਂਦੇ ਹਨ। ਉਹਨਾ ਨੂੰ ਨਹੀਂ ਪਤਾ ਕਿ:–

ਹੋਦੈ ਪਰਤਖ ਗੁਰੂ ਜੋ ਵਿਛੁੜੇ,
ਤਿਨ ਕਉ ਦਰਿ ਢੋਈ ਨਾਹੀ।

ਨਾਹੀ ਉਹ ਇਹ ਪੜ੍ਹਦੇ ਹਨ:–

ਗੁਰਬਾਣੀ ਕਹੈ ਸੇਵਕ ਜਨ ਮਾਨੈ,
ਪਰਤਖ ਗੁਰੂ ਨਿਸਤਾਰੇ

ਪੁਨਾ:–

ਗੋਸਾਈ ਪ੍ਰਤਖ ਹੋਇ,
ਰੋਟੀ ਖਾਹਿ ਛਾਹਿ ਮੁਹ ਲਵੈ।

ਜਿਨਾ ਵਡ ਭਾਗਿਆਂ ਨੂੰ ਸ਼ਾਹਿਨ ਸ਼ਾਹ ਪਾਤਸ਼ਾਹ ਵਕਤ ਦੇ ਹਾਕਮ ਮ੍ਰਿਦੁਲ ਮੋਹਨ ਮੂਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪੂਰਨ ਵਿਸ਼ਵਾਸ ਹੈ ਉਹਨਾਂ ਨੂੰ ਤਾਂ:-

'ਦਰਸਨ ਦੇਖਤ ਸੁਧ ਕੀ ਨਾ ਸੁਧ ਰਹੀ, ਬੁਧ ਕੀ ਨ ਬੁਧ ਰਹੀ, ਮਤ ਮੈ ਨਾ ਮਤਿ ਹੈ।'

ਜੋ:-ਗੁਰੂ ਪ੍ਰਮੇਸਰ ਏਕੋ ਜਾਣ। ਵਾਂਗੂੰ ਜਾਣਦੇ ਹਨ।

ਇਕ ਦਿਨ ਮੇਰੇ ਸਾਹਮਣੇ ਕਿਸੇ ਸਾਧ ਨੇ ਕਿਸੇ ਦੂਜੇ ਸਾਧ ਨੂੰ ਕਿਹਾ ਕਿ-'ਪਾਤਸ਼ਾਹ ਦਾ ਸਰੀਰ ਕਮਜ਼ੋਰ ਤਕਕੇ ਜ਼ਰਾ ਫਿਕਰ ਰਹਿੰਦਾ ਹੈ।' ਤਾਂ ਦੂਸਰੇ ਅਨਿੰਨ ਸਾਧ ਨੇ ਉਤਰ ਦਿਤਾ-'ਫਿਕਰ ਚਿੰਤਾ ਕੀਹ, ਗੁਰੂ ਦੀ ਤਾਂ ਸ਼ਬਦ ਦੀ ਦੇਹ ਹੁੰਦੀ ਹੈ। ਮਾੜੀ ਤਗੜੀ ਦੇਹ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ।'

ਇਹੋ ਜਹੇ ਰਸੀਆਂ ਦੇ ਦਰਸ਼ਨ ਕਰਕੇ ਕਈ ੨ ਦਿਨ ਘਰ ਆਕੇ ਵੀ ਅਮਲ ਜੇਹਾ ਚੜ੍ਹਿਆ ਰਹਿੰਦਾ ਹੈ ਤੇ ਘਰ ਆਕੇ ਆਪਣੇ ਭਾਗਾਂ ਦੀ ਸਰਾਹਨਾ ਕਰੀਦੀ ਹੈ ਕਿ:-

"ਕ੍ਰਿਪਾ ਚੀਨੀ ਵਾਲੇ ਦੀ ਹੋਈ, ਜਗਜੀਤ ਦੇ ਦਰ ਤੇ ਮਿਲ ਗਈ ਢੋਈ" ਤੇ ਜਾਚਨਾ ਕਰਦੀ ਹਾਂ ਕਿ "ਜਿਨਿ ਡਿਠਿਆਂ ਮਨ ਰਹਸੀਐ ਕਿਉ ਪਾਈਐ ਤਿਨ ਸੰਗਿ ਜੀਓ। ਸੰਤ ਸਾਜਨ ਮਨ ਮਿਤ੍ਰ ਸੇ ਲਾਇਨ ਪ੍ਰਭ ਸਿਉ ਰੰਗ ਜੀਓ। ਪਾਤਸ਼ਾਹ, ਐਸੇ ਆਪਣੇ ਪਿਆਰਿਆਂ ਦਾ ਮੇਲ ਤੇ ਦੀਦਾਰ ਬਖਸ਼ ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ।

ਜਿਨਿ ਮਿਲਿਆ ਦੁਖ ਜਾਹਿ ਹਮਾਰੇ।
ਉਨਿ ਕੈ ਸੰਗ ਮੋਹਿ ਪ੍ਰਭ ਚਿਤਿ ਆਵੈ,
ਜੋ ਹਰਿ ਕੀ ਹਰਿ ਕਥਾ ਸੁਣਾਵੈ,

ਪੁਨਾ:- ਸੰਤ ਪ੍ਰਸਾਦਿ ਮੈ ਸੋਈ ਜਾਗੀ।
ਅਨ ਦਿਨ ਫਿਰਉ ਤਿਸ ਪਿਛੈ ਵੈਰਾਗੀ।

ਅਤੇ ਬੇਮੁਖ ਬੇਸਿਦਕੀ ਦੀ ਸੰਗਤ ਤੋਂ ਹਥ ਦੇਕੇ ਰਖ ਲਈਂ, ਸਨਮੁਖ ਦਾ ਦੀਦਾਰ ਬਖਸ਼ਣਾ। ਚਰਨਾਂ ਉਪਰ ਪ੍ਰੀਤ ਤੇ ਪ੍ਰਤੀਤਦਾ ਦਾਨ ਬਖਸ਼ਣਾ।

"ਅਖੀਂ ਪ੍ਰੇਮ ਕਸਾਈਆਂ,
ਹਰਿ ਹਰਿ ਨਾਮ ਪਿਖੰਨਿ।
ਜੇ ਕਰ ਦੂਜਾ ਦੇਖਦੇ,
ਜਨ ਨਾਨਕ ਕਢਿ ਦਿਚੰਨਿ।

ਆਪਣੇ ਸਿਖਾਂ ਸੇਵਕਾਂ ਪਿਆਰਿਆਂ ਨੂੰ ਪਰਖਣਾਂ ਵੀ ਨਾਹ ਤਾਕਿ ਮੇਰੇ ਜੇਹੇ ਕੱਚੇ ਵੀ ਰਲੇ ਰਹਿਣ। ਇਮਤਹਾਨ ਵਿਚ ਪੈਕੇ ਪੱਕੇ ਤਾਂ ਹੋਰ ਪੱਕ ਜਾਂਦੇ ਹਨ ਪਰ ਮੇਰੇ ਜੇਹੇ ਕਚਿਆਂ ਦਾ ਟੁਟਣਾ ਤੇ ਡਿਗਣਾ ਹੀ ਮੁਮਕਿਨ ਹੈ। ਸੋ ਬਾਰੰਬਾਰ ਇਹੀ ਅਰਦਾਸ ਹੈ।

ਜਿਉ ਭਾਵੈ ਤਿਉ ਰਾਖ ਲੈਹਿ,
ਹਮ ਸਰਨਿ ਪ੍ਰਭ ਆਏ ਰਾਮ ਰਾਜੇ।
ਹਮ ਭੂਲ ਵਿਗਾੜਹਿ ਦਿਨਸੁ ਰਾਤਿ,
ਹਰਿ ਲਾਜ ਰਖਾਏ।

# ਆਣ ਉਹ ਬਚਾਵੇਗਾ !

[ਸੰਤ ਆਤਮਾ ਸਿੰਘ ਜੀ ਸਨਖਤਰਵੀ

[ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹਰਿਦੁਆਰ ਅਧਕੁੰਭੀ ਦੇ ਸਮਾਗਮ ਉਤੇ ਮਾਈ ਸਾਹਿਬੋ ਪਧਰੀ ਵਾਲੀ ਨੂੰ ਸੰਬੋਧਨ ਕਰਦਿਆਂ ਸੰਗਤਾਂ ਪ੍ਰਤੀ ਉਪਦੇਸ਼-ਅਣਛਪੇ ਪ੍ਰਸੰਗ ਵਿਚੋਂ ]

ਓਸ ਰਾਮ ਕੋਲੋਂ, ਜੇਹੜਾ ਰਮਿਆਏ, ਜਲ, ਥਲ, ਦਸੋ ਕੋਈ ਬੰਦਾ ਭਲਾ ਕਿਥੇ ਛਿਪ ਜਾਵੇਗਾ।
ਹਾਜ਼ਰਾ ਹਜ਼ੂਰ ਗੁਰੂ ਜਾਣਦਾ ਨਾ ਸਿਖ ਜੇਹੜਾ, ਇਕ ਦਿਨ ਧੋਖਾ ਉਹ ਜ਼ਰੂਰ ਕਦੇ ਖਾਵੇਗਾ।
ਜਾਣੀ ਜਾਣ, ਜਾਣ ਗੁਰੂ-ਬਣੇ ਜੋ ਅੰਜਾਣ ਸਿਖ, ਗੁਰੂ ਦਰਬਾਰੋਂ ਮਾਣ ਉਹੋ ਕਦੇ ਪਾਵੇਗਾ।
ਹਰਥਾਂ ਪ੍ਰਤਖ ਜਾਣੇ ਸਤਿਗੁਰੂ ਨੂੰ 'ਆਤਮਾ' ਜੋ, ਉਸੇ ਤਾਂਈ, ਹਰ ਸਮੇ ਆਣ ਉਹ ਬਚਾਵੇਗਾ।

# ਸਤਿਗੁਰੂ ਰਾਮ ਸਿੰਘ

[ਸ੍ਰੀਮਾਨ ਸੰਤ ਕਰਮ ਸਿੰਘ ਜੀ 'ਬਾਲਮ' ਦਿਲੀ

ਭਾਰਤ ਕੇ ਭਗਵਾਨ ਸਤਿਗੁਰੂ ਰਾਮ ਸਿੰਘ।
ਉਮਤ ਕੇ ਈਮਾਨ ਸਤਿਗੁਰੂ ਰਾਮ ਸਿੰਘ।
ਆਜ਼ਾਦੀ ਕੇ ਅਰਮਾਨ ਸਤਿਗੁਰੂ ਰਾਮ ਸਿੰਘ।
ਧਰਮੀ ਧਰਮ ਨਿਸ਼ਾਨ ਸਤਿਗੁਰੂ ਰਾਮ ਸਿੰਘ।
ਬੇ ਪ੍ਰਾਣੋਂ ਕੇ ਪ੍ਰਾਣ ਸਤਿਗੁਰੂ ਰਾਮ ਸਿੰਘ।
ਸ਼ਾਹੋਂ ਕੇ ਸੁਲਤਾਨ ਸਤਿਗੁਰੂ ਰਾਮ ਸਿੰਘ।
ਹਰਿ ਦਿਲ ਕੇ ਦਿਲਦਾਰ ਸਤਿਗੁਰੂ ਰਾਮ ਸਿੰਘ।
ਹਰਿ ਪਹਿਲੂ ਕੇ ਪਿਆਰ ਸਤਿਗੁਰੂ ਰਾਮ ਸਿੰਘ।
ਹਰਿ ਹਿਰਦੇ ਕੇ ਹਾਰ ਸਤਿਗੁਰੂ ਰਾਮ ਸਿੰਘ।
ਹਰਿ ਮਨ ਕੇ ਮੁਖਤਿਆਰ ਸਤਿਗੁਰੂ ਰਾਮ ਸਿੰਘ।
ਗ਼ਮ ਜਦੋਂ ਕੇ ਗ਼ਮਖਾਰ ਸਤਿਗੁਰੂ ਰਾਮ ਸਿੰਘ।
ਹਰਿ ਬਸ਼ਰ ਕੇ ਯਾਰ ਸਤਿਗੁਰੂ ਰਾਮ ਸਿੰਘ।
ਹੈਂ ਰੋਸ਼ਨ ਰਬੀ ਨੂਰ ਸਤਿਗੁਰੂ ਰਾਮ ਸਿੰਘ।
ਹੈਂ ਕ੍ਰਾਬਾ ਕੋਹਿਤੂਰ ਸਤਿਗੁਰੂ ਰਾਮ ਸਿੰਘ।
ਹੈਂ ਮਸਤੀ ਕਾ ਸਰੂਰ ਸਤਿਗੁਰੂ ਰਾਮ ਸਿੰਘ।
ਹੈਂ ਦੋਸਤ ਬਾਦਸਤੂਰ ਸਤਿਗੁਰੂ ਰਾਮ ਸਿੰਘ।
ਹੈਂ ਅਲਖ ਆਪਾਰ ਸਤਿਗੁਰੂ ਰਾਮ ਸਿੰਘ।
ਦੋ ਆਲਮ ਸਰਦਾਰ ਸਤਿਗੁਰੂ ਰਾਮ ਸਿੰਘ।
ਹੈਂ ਬਸੰਤ ਬਾਹਾਰ ਸਤਿਗੁਰੂ ਰਾਮ ਸਿੰਘ।
(ਹੈਂ) ਹੁਸਨ ਕੀ ਸ੍ਰਕਾਰ ਸਤਿਗੁਰੂ ਰਾਮ ਸਿੰਘ।
ਹੈਂ ਖੁਸ਼ੀਓਂ ਕੀ ਗੁਲਜ਼ਾਰ ਸਤਿਗੁਰੂ ਰਾਮ ਸਿੰਘ।
ਹੈਂ ਉਲਫਤ ਕੇ ਅਵਤਾਰ ਸਤਿਗੁਰੂ ਰਾਮ ਸਿੰਘ।
ਸੰਗਤੋਂ ਕੇ ਸੀਗਾਰ ਸਤਿਗੁਰੂ ਰਾਮ ਸਿੰਘ।
ਹੈਂ ਕਾਦਰ ਕਰਤਾਰ ਸਤਿਗੁਰੂ ਰਾਮ ਸਿੰਘ।
ਅਲਾ ਦੀ ਤਸਵੀਰ ਸਤਿਗੁਰੂ ਰਾਮ ਸਿੰਘ।
ਹੈਂ ਪੀਰਾਨੇ ਪੀਰ ਸਤਿਗੁਰੂ ਰਾਮ ਸਿੰਘ।
ਉਮਤ ਦੀ ਤਕਦੀਰ ਸਤਿਗੁਰੂ ਰਾਮ ਸਿੰਘ।
ਹੈਂ ਹੱਕ ਹੱਕ ਜ਼ਾਮੀਰ ਸਤਿਗੁਰੂ ਰਾਮ ਸਿੰਘ।
ਹਰਿ ਇਲਮ ਕੇ ਆਲਮ ਸਤਿਗੁਰੂ ਰਾਮ ਸਿੰਘ।
ਹਰਿ ਬਦੋਂ ਕੇ 'ਬਾਲਮ' ਸਤਿਗੁਰੂ ਰਾਮ ਸਿੰਘ।

Namdhari Elibrary NamdhariElibrary@gmail.com

# ਮਾਈ ਦਾਨੀ

[ਸ੍ਰੀ ਯੁਤ ਮਾ: ਨਿਹਾਲ ਸਿੰਘ ਜੀ ਮੁਖ ਅਧਿਆਪਕ,
ਨਾਮਧਾਰੀ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ

ਮਾਸਟਰ ਨਿਹਾਲ ਸਿੰਘ ਜੀ ਅਜੇਹੇ ਗੁਰੂ ਸਵਾਰੇ ਹਨ ਕਿ ਜੋ ਕੁਝ ਉਹ ਕਹਿੰਦੇ ਹਨ, ਸੋ ਕੁਝ ਹੀ ਕਰਦੇ ਹਨ। ਆਪ ਦ ਅੰਦਰ ਗੁਰੂ ਪਿਆਰ ਦੀ ਜਿਸ ਪਾਵਨ ਗੰਗਾ ਦਾ ਵਹਾਉ ਵਹਿੰਦਾ ਰਹਿੰਦਾ ਏ, ਉਸਦੀ ਇਕ ਤਰੰਗ ਮਾਈ ਦਾਨੀ ਦੀ ਸਚੀ ਵਿਥਿਆ ਚੋਂ ਲਹਿਰਾਂਦੀ ਨਜ਼ਰ ਪਏਗੀ। ਸਤਿਜੁਗ ਦੇ ਬਸੰਤ ਅੰਕ ਲਈ ਕੁਛ ਉਚੇਚਿਆਂ ਲਿਖਦੇ, ਪਰ ਸਿਹਤ ਦੇ ਠੀਕ ਨ ਹੋਣ ਕਰਕੇ ਉਨ੍ਹਾਂ ਮਾਈ ਦਾਨੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰ ਨੂੰ ਕਲਮ ਬੰਦ ਕੀਤਾ ਏ। ਸਤਿਗੁਰੂ ਦਾ ਜਸ ਹਰਤਰਾਂ ਹੀ ਸੁਖਦਾਈ ਹੈ। ਚੀਨੀ ਵਾਲੇ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚੋਂ ਵੇਖਣ ਦਾ ਮਾਸਟਰ ਜੀ ਨੇ ਸਾਡੇ ਲਈ ਰਾਹ ਪਧਰਾਇਆ ਏ।

ਰੱਬਾ! ਇਹ ਕੂਕਣ।

'ਕਿਉਂ'

'ਵੇਖਦਾ ਨਹੀਂ, ਇਹ ਪਾਣੀ ਦੀ ਧਾਰ ਕਿਥੇ ਵਗਿਆ ਕਰਦੀ ਸੀ, ਅੱਜ ਪਿੰਡ ਦਿਆਂ ਪੈਰਾਂ ਵਿਚ ਆ ਖਲੋਤੀ ਏ, ਹੁਣ ਇਹ ਕੰਧਾਂ ਕੋਠੇ ਢਾਇਗੀ, ਉਜੜਨਾ ਪਵੇਗਾ।

ਹੇ ਰੱਬਾ, ਰਹਿਮ, !

ਇਹੋ ਜਿਹੇ ਝਲਿਆਂ ਦੀਆਂ ਗੱਲਾਂ ਵੀ ਮੰਨ ਲੈਂਦਾ ਏ!'

'ਤੇਰੀ ਗਲ ਦੀ ਸਮਝ ਨਹੀਂ ਆਈ, ਇਹ ਤਾਂ ਬੁਝਾਰਤ ਏ।'

'ਤੂੰ ਵੀ ਕੇਡਾ ਭੋਲਾ ਏਂ, ਇਹ ਗੱਲ ਤਾਂ ਚੰਬੇ ਦਾ ਬਚਾ ਬੱਚਾ ਜਾਣਦਾ ਏ। ਨਿਰਾ ਚੰਬਾ ਈ ਨਹੀਂ, ਸਗੋਂ ਸਾਰਾ ਆਲਾ ਦੁਆਲਾ ਜਾਣਦਾਏ। ਤੂੰ ਦਾਨੀ ਦਾ ਨਾਂ ਨਹੀਂ ਸੁਣਿਆ? ਉਹ ਕਮਲੀ ਜੇਹੀ, ਝੱਲੀ ਜੇਹੀ, ਲੰਙੀ ਜੇਹੀ, ਜਿਹੜਾ ਸਾਰਾ ਦਿਨ ਬਕਰੀ ਵਾਂਗੂੰ ਮੂੰਹ ਮਾਰਦੀ ਰਹਿੰਦੀ ਏ। ਜਿਸ ਕਈ ਮਾਲਾ ਘਸਾ ਦਿਤੀਆਂ ਨੇ। ਜਿਸ ਦੇ ਘਰ ਹਰ ਵੇਲੇ ਢੋਲਕੀ ਬੁੜ੍ਹਕਦੀ ਰਹਿੰਦੀ ਏ, ਕੁਣਕੇ ਦੇ ਗਫੇ ਉਡਦੇ ਰਹਿੰਦੇ ਨ, ਸ਼ਰਦਾਈਆਂ ਦੇ ਰਗੜੇ ਚਲਦੇ ਰਹਿੰਦੇ ਨੇ, ਜਿਦ੍ਹੀਆਂ ਪੈਲੀਆਂ ਵਿਚ ਭੈਣੀ ਵਾਲਿਆਂ ਦੀਆਂ ਘੋੜੀਆਂ ਚਰਦੀਆਂ ਰਹਿੰਦੀਆਂ ਨੇ ਓਹੀ ਦਾਨੀ।

ਹਾਂ! ਹਾਂ!! ਦਾਨੀ, ਮੈਂ ਉਸਨੂੰ ਜਾਣਦਾ ਕਿਉਂ ਨਹੀ?

'ਸੁਣੀ ਜਾਹ' ਕਹਿੰਦੇ ਨੇ, ਇਕ ਦਿਨ ਇਹ ਬੁਢੜੀ ਲੰਙ ਮਾਰਦੀ ਮਾਰਦੀ ਤੜਕੇ ਬਾਹਰ ਆਈ ਤੇ ਇਸ ਨਦੀ ਵਲ ਹੱਥ ਮਾਰਕੇ ਆਖਣ ਲਗੀ, 'ਵੇ ਬੱਚਾ! ਬੱਚਾ' ਮੇਰੇ ਹਡ ਕਮਜ਼ੋਰ ਹੋ ਗਏ ਨੇ, ਮੈਂ ਟੁਰਨ ਜੋਗੀ ਨਹੀਂ ਰਹੀ, ਮੇਰੀਆਂ ਲੱਤਾਂ ਵਿਚ ਤਾਣ ਨਹੀਂ ਰਹਿਆ, ਤੂੰ ਜ਼ਰਾ ਉਰੇ ਆ ਜਾਵੇਂ, ਤਾਂ ਮੈਂ ਪਿੰਡਾ ਤਾਂ ਗਿਲਾ ਕਰਲਿਆ ਕਰਾਂ।'' ਬੱਸ, ਓਸੇ ਦਿਨ ਤੋਂ ਇਹ ਪਾਣੀ ਦੀ ਧਾਰ, ਪਿੰਡ ਵੱਲ ਵਧਣੀ ਸ਼ੁਰੂ ਹੋਗਈ। ਅਜ ਹੋਰ, ਕਲ੍ਹ ਹੋਰ ਹੁਣ ਪਿੰਡ ਨੂੰ ਢਾ ਲਾਣ ਤਕ ਅਪੜ ਗਈ ਏ। ਰੱਬ ਵੀ ਕਮਲਿਆਂ ਦੀਆਂ ਗਲਾਂ ਸੁਣਦਾਏ, ਮਾਲੂਮ ਹੁੰਦਾ ਏ, ਉਹ ਸੱਤਰਿਆ ਬਹੱਤਰਿਆਂ ਗਇਆ ਏ।

Namdhari Elibrary NamdhariElibrary@gmail.com

'ਇਹ ਉਹ ਮਾਈ ਤਾਂ ਨਹੀਂ ਜਿਸਦਾ ਪੁਤ ਫ਼ੂਕਾਂ ਮਾਰ ਘਤਿਆ ਸੀ ?

'ਹਾਂ ! ਹਾਂ !! ਓਹੋ ਬੁਢੜੀ, ਜਿਸਦੀਆਂ ਅੱਖਾਂ ਵਿਚ ਪੁਤ ਮਰਨ ਤੇ ਅਥਰੂ ਨਹੀਂ ਕਿਰਿਆ ਸੀ। ਸਗੋਂ ਗਲੀਆਂ ਵਿਚ ਗਾਉਂਦੀ ਫਿਰਦੀ ਸੀ। ਪੁਤ ਫੂਕਣ ਵਾਸਤੇ ਕੋਠੇ ਦੀਆਂ ਕੜੀਆਂ ਲਾਹ ਲਿਆਈ ਸੀ।

"ਵੇਰ ਤਾਂ ਭਾਈ, ਕਮਲੀ ਨ ਕਹੋ। ਜਿਹੜੀ ਪੁਤ ਮਰੇ ਤੇ ਪੱਲੂ ਨਹੀਂ ਪਾਂਦੀ, ਉਸਨੂੰ ਕਮਲੀ ਕਹਿਣਾਂ ਠੀਕ ਨਹੀਂ ਉਹ ਤਾਂ ਰੱਬ ਦੀ ਪਿਆਰੀ ਜਾਪਦੀ ਏ। ਨਹੀਂ ਤਾਂ ਪੁਤ ਮਰੇ ਸੂਕਾਂ ਹਥੋਂ ਤੇ ਡਾਡਾਂ ਨ ਨਿਕਲਣ ? ਇਹ ਹਰੇਕ ਦਾ ਕੰਮ ਨਹੀਂ, ਇਹ ਕੇਵਲ ਸ਼ਾਕਰ ਹੀ ਕਰ ਸਕਦੇ ਨੇ, ਭਾਈ ਰੱਬ ਦੀ ਯਾਦ ਵਾਲਿਆਂ ਦੀ ਸਦਾ ਮੰਨੀ ਜਾਂਦੀਏ।'

'ਤੂੰ ਬੜਾ ਨਾਸਾਹ ਏਂ, ਤੇਰੀਆਂ ਪੋਲੀਆਂ ੨ ਗੱਲਾਂ ਨੇ ਮਾਈ ਦਾ ਰੂਪ ਮੇਰੇ ਸਾਮ੍ਹਣੇ ਹੋਰ ਲੈ ਆਂਦਾ ਏ।"

ਮੈਂ ਕੀ ਲਿਆਉਣਾਂ ਸੀ, ਮਾਈ ਜਾਪਦੀ ਏਵੇਂ ਈ ਏ, ਨਹੀ ਤਾਂ ਪੁਤ ਮਰੇ ਤੇ ਉਸਦਾ ਸਿਰ ਗੋਦੀ ਲੈ, ਸ਼ੁਕਰ ਸ਼ੁਕਰ ਕਰੀ ਜਾਣਾ, ਇਹ ਕੰਮ ਅੱਲਾ ਵਾਲਿਆਂ ਦਾ ਈ ਏ, ਮੈਨੂੰ ਇਉਂ ਜਾਪਣ ਲਗ ਪਇਆ, ਚੌਦਾਂ ਤਬਕਾਂ ਦਾ ਸਾਈਂ ਉਸਦੀ ਬੁਕਲ ਵਿਚ ਖੇਡਦਾ ਏ।"

"ਵਾਹ ਭਾਈ ਵਾਹ, ਤੂੰ ਵੀ ਕਮਾਲ ਕਰੀ ਜਾਨਾ ਏ !"

ਮੈਂ ਕਮਾਲ ਕੀ ਕਰਨਾਂ ਏ, ਦਾਨੀ ਆਪ ਹੀ ਕਮਾਲ ਦੀ ਪੁਤਲੀ ਏ, ਮੁਰਸ਼ਦ ਵਾਲੀ ਏ। ਮੁਰਸ਼ਦ ਵਾਲਿਆਂ ਦੀਆਂ ਰਮਜ਼ਾਂ ਕੋਈ ਮੁਰਸ਼ਦ ਵਾਲਾ ਈ ਜਾਣਦਾ ਏ, ਹਮਾਤੜ ਤੁਮ੍ਹਾਤੜ ਤਾਂ ਨਿਰੀ ਝੇਡਾਂ ਕਰਨੀਆਂ ਜਾਣਦੇ ਆਂ, ਮੁਰਸ਼ਦ ਵਾਲਿਆ ਦੇ ਦਿਲਾਂ ਵਿੱਚ ਇਲਾਹੀ ਨੂਰ ਹੁੰਦਾ ਏ, ਜਿਹੜਾ ਉਨ੍ਹਾਂ ਨੂੰ ਸਹੀ ਰਾਹ ਵਖਾਉਂਦਾ ਏ।

ਮੈਨੂੰ ਯਾਦ ਆਗਿਆਏ, ਕਿ ਜਦੋਂ ਥਾਣੇਦਾਰ ਤਫਤੀਸ਼ ਤੇ ਆਇਆ ਤਾਂ ਦਾਨੀ ਆਖਣ ਲੱਗੀ, ਪੁਤ, ਮੇਰੇ ਪੁਤ ਦਾ ਕੋਈ ਵੈਰੀ ਨਹੀਂ ਸੀ, ਪਿੰਡ ਵਿਚ ਮੇਰਾ ਕਿਸੇ ਨਾਲ ਧੜਾ ਨਹੀਂ, ਸਾਰੇ ਮੈਨੂੰ ਸਕਿਆਂ ਨਾਲੋਂ ਵਧ ਸਤਿਕਾਰਦੇ ਨੇ, ਪਿਆਰਦੇ ਨੇ, ਮੇਰੇ ਥਾਂ ਜਾਨ ਦੇਂਦੇ ਨੇ, ਮੇਰਾ ਪੁਤ ਕਿਸ ਮਾਰਨਾ ਸੀ, ਮੇਰਾ ਪੁਤ ਓਸੇ ਮਾਰਿਆ ਏ, ਜਿਹੜਾ ਮਾਰ ਸਕਦਾ ਏ, ਜਿਹੜਾ ਜਿਵਾਲ ਸਕਦਾ ਏ, ਜਿਹੜਾ ਬਣਾ ਸਕਦਾ ਏ, ਜਿਹੜਾ ਢਾਹ ਸਕਦਾ ਏ। ਕੌਣ ਕਿਸੇ ਨੂੰ ਕੋਈ ਮਾਰ ਸਕਦਾ ਏ ? ਬੱਚਾ ਐਵੇਂ ਕਿਸੇ ਝੂਠੀ ਰਪਟ ਲਿਖਾਈ ਏ, ਤੈਨੂੰ ਖਾਹ ਮਖਾਹ ਖੇਚਲ ਹੋਈ ਏ, ਬੱਚਾ ਬਹਿ ਜਾ ਪ੍ਰਸ਼ਾਦ ਛੱਕ ਕੇ ਜਾਵੀਂ, ਦੁਧ ਲੱਸੀ ਪੀ, ਗੁਰੂ ਦਾ ਬਖਸ਼ਿਆ ਬਥੇਰਾ ਏ, ਘੜੀ ਆਰਾਮ ਕਰ, ਪੁਤਰ ਮੇਰੇ ਦਾ ਫਿਕਰ ਨ ਕਰ, ਜਿੰਨੀ ਉਹ ਉਮਰ ਸਤਿਗੁਰਾਂ ਕੋਲੋਂ ਲੈਕੇ ਆਇਆ ਸੀ, ਭੋਗ ਗਇਆ ਏ, ਸ਼ੁਕਰ ਏ, ਲੱਖ ਲੱਖ ਓਸਦਾ, ਜਿਸ ਆਪਣੀ ਇਮਾਨਤ ਆਪ ਹੀ ਮੰਗ ਲਈਏ। ਪੁਤ ਪ੍ਰਸ਼ਾਦ ਛਕੇ ਬਿਨਾਂ ਨ ਜਾਵੀਂ, ਦੋ ਘੜੀਆਂ ਆਰਾਮ ਕਰ ਲੈ।'

ਮਾਈ ਦੀਆਂ ਗਲਾਂ ਸੁਣ ਥਾਣੇਦਾਰ ਦਾ ਦਿਲ ਭਿਜ ਗਇਆ, ਅੱਖਾਂ ਵਿਚ ਅਥਰੂ ਆ ਗਏ ਤੇ ਕਹਿਣ ਲਗਾ:–'ਅਮਾਂ ਤੂੰ ਧੰਨ ਏ ! ਤੇ ਧੰਨ ਤੇਰਾ ਗੁਰੂ ਏ !! ਜਿਸ ਤੈਨੂੰ ਏਨੀ ਉਚੀ ਮੱਤ ਬਖਸ਼ੀਏ। ਓਸ ਕੋਲ ਮੇਰੇ ਲਈ ਦੁਆ ਕਰਿਆ ਕਰ ਕਿ ਮੇਰਾ ਵੀ ਭਲਾ ਹੋਵੇ।'

* * * * *

ਭਿੰਨੀ ਰੈਨੜੀਏ ਚਾਮਕਣ ਤਾਰੇ,

ਜਾਗਣ ਸੰਤ ਜਨਾਂ ਮੇਰੇ ਰਾਮ ਪਿਆਰੇ।

ਰਾਤ ਢਲ ਗਈ। ਖਿਤੀਆਂ ਔਹ ਗਈਆਂ, ਰੱਬ ਦੇ ਪਿਆਰ ਵਾਲੇ ਉਠੇ, ਖੂਹਾਂ, ਸਰੋਵਰਾਂ ਤੇ ਦਰਿਆਵਾਂ ਦਾ ਰਾਹ ਫੜਿਆ, ਟੁਭੇ ਲਾਏ ਤੇ ਅਰਸ਼ਾਂ ਕੁਰਸ਼ਾਂ ਦੇ ਮਾਲਕ ਨਾਲ ਗਲੀਂ ਬਾਤੀਂ ਰੁਝ ਗਏ।

ਦਾਨੀ ਜਿਹੜੀ ਨਾਉਂ ਕਰਕੇ ਦਾਨੀ ਨਹੀਂ ਸੀ, ਸਗੋਂ ਸੱਚੀ ਮੁਚੀ ਦਾਨੀ ਸੀ ਅਤੇ ਸਤਿਗੁਰੂ

ਰਾਮ ਸਿੰਘ ਜੀ ਦੀ ਮਿਹਰ ਦਾ ਸਦਕਾ ਦਾਨਾਈ ਦੀ ਮੂਰਤੀ ਬਣ ਖਲੋਤੀ ਸੀ ਅਤੇ ਆਪਣੇ ਮਿਠੇ ਤੇ ਨਿਘੇ ਸੁਭਾਉ ਕਰਕੇ, ਨਿਰੇ ਚੱਬੇ ਨੂੰ ਨਹੀਂ ਸਗੋਂ ਵਰ੍ਹਿਆਂ, ਬੰਗਾਲੀਪੁਰ, ਚੋਲਾ, ਵੇਟੀਆਂ ਤੇ ਹੋਰ ਅਨੇਕਾਂ ਪਿੰਡਾਂ ਨੂੰ ਖੁਸ਼ਬੋ ਦਿਤੀ ਹੋਈ ਸੀ, ਨਿਯਮ ਅਨੁਸਾਰ ਉਠੀ । ਥੋੜਾ ਜੇਹਾ ਜਲ ਛਕਿਆ, ਇਕ ਹਥ ਗੜਵਾ, ਦੂਜੇ ਹੱਥ ਬਿਰਧਾਂ ਦਾ ਸਹਾਰਾ ਲੈ, ਬੂਹਾ ਭੀੜ, ਭੁੰਬਲ ਮਾਰ ਸਹਿਜੇ ਸਹਿਜੇ ਦਰਿਆ ਦਾ ਰਾਹ ਲਇਆ ਤੇ ਰਾਹਕਾਂ ਦੀ ਸਾਰੀ ਗਲ ਬਾਤ ਕੰਨੀ ਪਈ। ਸੋਚਣ ਲਗੀ ਮੈਂ ਕੌਣ ਪਾਪਣ ? ਸੱਤਾ ਹੀਣ ? ਅਬਲਾ ?'

ਮੈਂ ਤਾਂ ਸਤਿਗੁਰਾਂ ਕੋਲ ਇਸ ਪਿੰਡ ਨੂੰ ਜ਼ਰਾ ਗਿੱਲਾਕਰਨਵਾਸਤੇਤਰਲਾਮਾਰਿਆਸੀਇਹ ਕਹਿਣ ਲਗ ਪਏਨੇਪਿੰਡ ਢਹਿਣਲਗਪਇਆਏਓਸੇਵੇਲੇਭੁਲ ਬਖਸ਼ਾਈ ਤੇ ਸਤਿਗੁਰਾਂ ਪਾਸ ਅਰਦਾਸ ਕੀਤੀ ਤੇ ਹਿਮਾਲਾ ਦੀ ਪੁਤਰੀ ਨੂੰ ਆਖਿਆ:—'ਬੱਚਾ ! ਮੈਂ ਏਥੇ ਹੀ ਆ ਜਾਇਆ ਕਰਾਂਗੀ, ਹੁਣ ਅਗੇ ਨ ਆਵੀਂ ! ਬੱਚਾ ! ਸਤਿਗੁਰਾਂ ਦਾ ਹੁਕਮ ਏ ਜਿਥੋਂ ਤਕ ਵਾਹ ਲਗੇ ਕਿਸੇ ਦਾ ਕੰਮ ਸਵਾਰੀਏ, ਭਲਾ ਕਰੀਏ। ਵਸਦੇ ਨਾ ਉਜਾੜੀਏ, ਕਿਸੇ ਦਾ ਬੁਰਾ ਨਾ ਚਾਹੀਏ ।

ਮਾਈ ਇਹ ਕਹਿੰਦਿਆਂ, ਗੜਵਾ ਮਾਂਜਿਆ ਦਾਤਣ ਕੀਤੀ, ਟੁਭਾ ਲਾਇਆ ਤੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿਤਾ। ਘਰ ਨੂੰ ਮੁੜੀ। ਡੇਰੇ ਪੁਜੀ, ਆਸਣ ਵਿਛਾਇਆ ਤੇ ਪਸ਼ੂਆਂ-ਪ੍ਰੇਤਾਂ ਦੀ ਕਲਿਆਣਕਾਰੀ, ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਅਰੰਭ ਦਿਤਾ। ਪਾਠ ਕਰਦਿਆਂ ਅਜੇ ਏਥੇ ਹੀ ਪੁਜੀ ਸੀ:-

ਮਹਲਾ ੨-

ਜੇ ਸਉ ਚੰਦਾ ਊਗਵੈ, ਸੂਰਜ ਚੜੈ ਹਜਾਰ।
ਏਤੇ ਚਾਨਣ ਹੋਦਿਆਂ, ਗੁਰ ਬਿਨ ਘੋਰ ਅੰਧਾਰ।

'ਗੁਰ ਬਿਨ ਘੋਰ ਅੰਧਾਰ' ਦੇ ਸ਼ਬਦ ਮੂੰਹੋਂ ਨਕਲੇ ਹੀ ਸਨ ਕਿ ਸੁਰਤ ਇਕ ਦਮ ਸਤਿਗੁਰਾਂ ਦੇ ਚਰਨਾਂ ਵਿਚ ਪੁਜ ਗਈ। ਸਰੀਰ ਢਿਲਾ ਹੋ ਗਇਆ। ਹੱਥ ਢਿਲਕ ਪਏ। ਮਾਲਾ ਹਥੋਂ ਜਾ ਪਈ। ਮਾਈ ਆਸਣ ਤੇ ਢਹਿ ਪਈ। ਦਾਨੀ ਪਈ ਰਹੀ, ਪਈ ਰਹੀ, ਕੋਈ ਦੋ ਘੰਟੇ। ਲਾਗੇ ਚਾਗੇ ਦੀਆਂ ਮਾਈਆਂ ਬੀਬੀਆਂ ਉਠੀਆਂ ਮਾਈ ਨੂੰ ਆਸਣ ਤੇ ਡਿਗਾ ਵੇਖ ਘਬਰਾ ਗਈਆਂ। ਇਕ ਵਡੇਰੀ ਉਮਰ ਦੀ ਬੁਢੜੀ ਨੇ ਮਾਂ ਦਾਨੀ ਦੀ ਨਬਜ਼ ਤੇ ਹੱਥ ਰਖਿਆ ਤੇ ਆਖਣ ਲਗੀ ਅਜੇ ਹੈ।

ਓਸੇ ਵੇਲੇ ਦਾਨੀ ਨੂੰ ਦੋ ਜਣੀਆਂ ਚੁਕ ਕੇ ਮੰਜੇ ਤੇ ਜਾ ਪਾਇਆਘੁਟਣਾ ਸ਼ੁਰੂ ਕਰ ਦਿਤਾ।ਤਲੀਆਂ ਝੱਸੀਆਂ ਤਾਂ ਮਾਈ ਨੇ ਅੱਖ ਖੋਲ੍ਹ ਲਈ। ਉਠ ਬੈਠੀ ਤੇ ਪੁਛਣ ਲਗੀ-'ਤੁਸੀਂ ਉਦਾਸ ਕਿਉਂ ਖੜੀਓ ? ਮੈਂ ਕਮਲੀ ਦਾ ਖਿਆਲ ਨ ਕਰਿਆ ਕਰੋ। ਐਵੇਂ ਪਾਠ ਕਰਦਿਆਂ ਸਤਿਗੁਰਾਂ ਦੀ ਯਾਦ ਆ ਗਈ। ਇਹ ਕਹਿੰਦਿਆਂ ਦਾਨੀ ਦਾ ਗਲਾ ਰੁਕ ਗਇਆ। ਉਹ ਅਗੋਂ ਕੁਝ ਨ ਬੋਲ ਸਕੀ ਤੇ ਆਂਢਣਾਂ ਗਵਾਂਢਣਾਂ ਘਰਾਂ ਨੂੰ ਮੁੜ ਗਈਆਂ।

* * * * *

'ਲਾਲ ਸਿੰਘਾ।'

'ਹਾਂ ਭਾਈ।'

'ਕੀ ਕਰ ਰਹਿਆ ਏਂ ?'

'ਤਿਆਰੀ ਦਾ ਹੁਕਮ ਹੋ ਗਿਆ ਏ।'

'ਕਿਧਰ ਨੂੰ ?'

'ਇਹ ਹੁਕਮ ਦੇਣ ਵਾਲੇ ਜਾਨਣ, ਮੈਂ ਤਾਂ ਹੁਕਮੀ ਬੰਦਾ ਹਾਂ।'

ਟੁਰਨ ਵੇਲੇ ਤਾਂ ਘੋੜਿਆਂ ਦੀ ਖਰੀਦ ਦਾ ਪਰੋਗਰਾਮ ਸੀ ਤੇ ਅੱਜ ਹੈ ਵੀ ਨੀਲਾਮੀ ਏ:-'ਪਾਤਸ਼ਾਹਾਂ ਦੇ ਸਾਰੇ ਪਰੋਗਰਾਮ ਏਵੇਂ ਹੀ ਹੁੰਦੇ ਨੇ, ਇਹ ਉਨ੍ਹਾਂ ਨੂੰ ਪਤਾ ਹੈ ਕਿ ਕਿਸ ਵੇਲੇ ਅਪੜਨਾਂ ਏ, ਕੀ ਕਰਨਾਂ ਏ ਤੇ ਕਿਸ ਵੇਲੇ ਮੁੜਨਾਂ ਏ। ਉਹਨਾਂ ਨੂੰ ਇਕ ਕੰਮ ਥੋੜਾ ਏ। ਕੀ ਪਤਾ ਕਿਹੜੇ ਪਾਸਿਉਂ ਸਦਾ ਆ ਗਇਆ ਏ।'

'ਤੂੰ ਠੀਕ ਆਖਦਾ ਏਂ, ਕ੍ਰਿਸ਼ਨ ਭਗਵਾਨ

ਦਰੋਪਤੀ ਦੀ ਪੁਕਾਰ ਸੁਣ ਮਥਰਾ ਤੋਂ ਉਠ ਦੌੜਿਆਂ ਸੀ। ਗੁਰੂ ਨਾਨਕ ਦੇਵ, ਬੇਬੇ ਨਾਨਕੀ ਦੀ ਅਰਦਾਸ ਸੁਣ, ਹਜ਼ਾਰਾਂ ਮੀਲਾਂ ਤੋਂ ਚਲਕੇ ਸੁਲਤਾਨ ਪੁਰ ਆ ਗਏ ਸਨ। ਗੁਰੂ ਹਰਿ ਗੋਬਿੰਦ ਸਾਹਿਬ, ਬੁਢੜੀ ਭਾਗਭਰੀ ਦਾ ਲਗੂਣਾ ਖੱਦਰ ਦਾ ਚੋਲਾ ਲੈਣ ਵਾਸਤੇ ਪਹਾੜਾਂ ਨੂੰ ਚੀਰਦੇ ਕਸ਼ਮੀਰ ਜਾ ਪੁਜੇ ਸਨ। ਧਰਮ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਮੱਖਣ ਸ਼ਾਹ ਦਾ ਜਹਾਜ਼ ਕਢਦੇ ਕਢਦੇ ਆਪਣਾ ਮੋਢਾ ਹੀ ਪੱਛਾ ਆਏ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਅਨੰਦ ਪੁਰੀ ਨੂੰ ਤਿਆਗ, ਜੋਗਾ ਸਿੰਘ ਨੂੰ ਕੰਜਰੀ ਦੇ ਚੁਬਾਰੇ ਚੜ੍ਹਨ ਤੋਂ ਰੋਕਣ ਖਾਤਰ ਸਾਰੀ ਰਾਤ ਹੁਸ਼ਿਆਰ ਪੁਰ ਦੀਆਂ ਗਲੀਆਂ ਵਿਚ ਪਹਿਰਾ ਦੇਂਦੇ ਰਹੇ ਸਨ। ਚੀਨੀ ਵਾਲੇ ਪਾਤਸ਼ਾਹ, ਭਾਈ ਰਾਏ ਸਿੰਘ ਨੂੰ ਰਾਤੋ ਰਾਤ ਸੈਂਕੜੇ ਕੋਹਾਂ ਦਾ ਪੈਂਡਾ ਚੂਰ, ਭੁਖੇ ਸ਼ੇਰ ਤੋਂ ਜਾ ਬਚਾਇਆ ਸੀ। ਇਹ ਵੀ ਤਾਂ ਉਨ੍ਹਾਂ ਦੇ ਰੂਪ ਨੇ। ਕੀ ਪਤਾ ਕਿਸ ਨੇ ਸਦ ਬੁਲਾਇਆ ਏ।'

'ਭਾਈ।'

'ਜੀ ਸਚੇ ਪਾਤਸ਼ਾਹ!'

'ਤਿਆਰੀ ਏ?'

'ਹਾਂ ਗ਼ਰੀਬ ਨਿਵਾਜ਼!!'

'ਲਾਲ ਸਿੰਘ ਨੂੰ ਵਾਜ ਮਾਰ।'

'ਗੱਡੀ ਵਿਚ ਬੈਠਾ ਏ ਪਾਤਸ਼ਾਹੋ।'

ਸਚੇ ਪਾਤਸ਼ਾਹ ਅਰਦਾਸਾ ਸੋਧਿਆ ਤੇ ਪ੍ਰੇਮੀਆਂ ਨੂੰ ਛਲਕਦੀਆਂ ਅਖਾਂ ਤੇ ਸਿਸਕੀਆਂ ਭਰਦਿਆਂ ਨੂੰ ਛਡ ਛਡਾ ਮੋਟਰ ਵਿਚ ਜਾ ਬੈਠੇ ਤੇ ਹੁਕਮ ਹੋਇਆ 'ਅੰਮ੍ਰਿਤਸਰ।' ਸੰਤ ਲਾਲ ਸਿੰਘ ਸਟੇਅਰਿੰਗ ਤੇ ਹੱਥ ਰਖਿਆ ਤੇ ਗਡੀ ਸਟਾਰਟ ਹੋ ਗਈ। ਖੜੀ ਸੰਗਤ ਨੇ ਜੈਕਾਰਾ ਛਡਿਆ। ਜੈਕਾਰੇ ਦੀਆਂ ਆਕਾਸ਼ ਗੂੰਜਾਊ ਲਹਿਰਾਂ, ਖੇਤੀਆਂ, ਪੈਲੀਆਂ, ਨਦੀਆਂ, ਬਨਾਂ, ਗ੍ਰਾਵਾਂ, ਸ਼ਹਿਰਾਂ ਦੇ ਉਤੋਂ ਦੀ ਤਾਰੀਆਂ ਲਾਂਦੀਆਂ, ਸਾਰੇ ਵਾਯੂ-ਮੰਡਲ ਵਿਚ ਪ੍ਰੇਮ ਝਰਾਟੇ ਛੇੜਦੀਆਂ, ਨਚਦੀਆਂ, ਗਾਉਂਦੀਆਂ ਅਤੇ ਲੰਘਦਿਆਂ ੨ ਮਾਈ ਦਾਨੀ ਦੇ ਕੰਨ ਵਿਚ ਕਹਿ ਗਈਆਂ-'ਬੇਬੇ! ਘਬਰਾ ਨਾ, ਤੇਰਾ ਮਹਿਬੂਬ, ਜਿਸਦੀ ਯਾਦ ਵਿਚ ਤੂੰ ਰ੍ਹਾਚੀ ਵਿਰਦੀ ਏਂ, ਤੇਰੇ ਪ੍ਰੇਮ ਸੰਗਲਾਂ ਦਾ ਬੱਝਾ, ਸਭ ਕੁਝ ਵਿਚੇ ਛਡ ਛਡਾ ਤੇਰੇ ਵਲ ਆ ਰਹਿਆ ਏ।

ਮਾਈ ਇਹ ਵਾਜਾਂ ਸੁਣ ਉਠ ਬੈਠੀ ਤੇ ਸੇਵਕ ਨੂੰ ਨਾਲ ਲੈ ਪਿੰਡ ਪਿੰਡ ਹੋਕਾ ਦੇਂਦੀ, ਸੁਨੇਹੇ ਸੁਨਾਂਦੀ ਮਸਤਾਨੀ ਦਸ਼ਾ ਵਿਚ ਵਰਿਆਹੀਂ ਪੁਜ ਗਈ।

ਮੋਟਰ ਦਲਦੀ ਗਈ, ਚਲਦੀ ਗਈ, ਪਿੰਡ ਰਹਿ ਗਏ, ਸਰਗੋਧਾ, ਚਨਿਓਟ, ਪਿੰਡੀ ਭਟੀਆਂ, ਸ਼ੇਖ਼ੂਪੁਰਾ, ਲਾਹੌਰ ਤੇ ਪੁਜ ਗਈ ਸ੍ਰੀ ਅੰਮ੍ਰਿਤਸਰ।

ਸ੍ਰੀ ਅੰਮ੍ਰਿਤਸਰੋਂ ਤਰਨ ਤਾਰਨ ਵਲ ਮੁੜਨ ਦਾ ਇਸ਼ਾਰਾ ਹੋਇਆ। ਸੇਵਕ ਹੁਕਮ ਦੇ ਬਧੇ ਰਜ਼ਾ ਦੀਆਂ ਡੀਕਾਂ ਲਾ ਲਾ ਭੁਖ ਤ੍ਰੇਹ ਬੁਝਾਂਦੇ, ਮਨ ਵਿਚ ਕਈ ਪ੍ਰਕਾਰ ਦੇ ਘੋੜੇ ਦੌੜਾ ਰਹੇ ਸਨ ਤੇ ਸ਼ੁਕਰ ਸ਼ੁਕਰ ਕਰ ਰਹੇ ਸਨ, ਜੋ ਅਚਨਚੇਤ ਵਰਿਆਂਹਵੱਲ ਗੇੜ ਮੁੜਿਆ, ਸੇਵਕਾਂਨੂੰ ਕੁਝਸਮਝ ਆਈ ਕਿ ਇਹ ਮਾਈ ਦਾਨੀ ਦੀਆਂ ਕਸ਼ਸ਼ਾਂ ਨੇ।

* * * * *

ਵਰਿਆਹੀਂ ਜਾ ਮਾਈ ਘਰ ਘਰ ਸੁਨੇਹੇ ਸੁਨਾਉਣ ਲਗੀ—'ਲੱਛੋ! ਕੰਮ ਕਾਜ ਕਰ ਲੈ, ਹੁਣੇ ਮੇਰੇ ਸਤਿਗੁਰ ਨੇ ਆਉਣਾ ਏ, ਬੇਬੇ ਭਗਵਾਨੋਂ! ਦੂਰ ਨ ਜਾਈਂ ਸਤਿਗੁਰ ਬਸ ਆਉਣ ਈ ਵਾਲੇ ਨੀ, ਭੈਣ ਨਿਹਾਲੋ! ਤੂੰ ਵੀ ਭੁਲ ਨ ਜਾਈਂ, ਬਸ ਹੁਣ ਘੜੀਆਂ ਪਲਾਂ ਦੀ ਦੇਰ ਈ, ਬੇਬੇ ਹੁਕਮੀਏ! ਤੈਨੂੰ ਤਾਂ ਦਸਣ ਦੀ ਲੋੜ ਨਹੀਂ, ਤੂੰ ਤਾਂ ਅਗੇ ਈ ਸਭ ਕੁਝ ਜਾਣਦੀਏ।' ਮਾਈ ਨੇ ਹੱਥੀਂ ਝਾੜੂ ਫੜ ਲਿਆ ਗਲੀਆਂ ਸਾਫ ਕਰਨ ਲਗ ਪਈ। ਬਹੁਕਰ ਮਾਰ ਦੀ ਜਾਵੇ ਤੇ ਕੂਕਦੀ ਜਾਵੇ:—

ਮੈਂ ਗਲੀਆਂ ਕਰ ਰਹੀ ਸਾਫ,

ਰਾਮ ਘਰ ਆਵਣਗੇ ਮੇਰੇ।

ਅੰਵਾਣ ਸਮਝ ਰਹੇ ਸਨ, ਮਾਈ ਦਾ ਦਮਾਗ ਹਿਲ ਗਇਆ ਏ, ਇਸਦੇ ਹੋਸ਼ ਠਕਾਣੇ ਨਹੀਂ ਰਹੇ। ਸਤਿਗੁਰ ਐਵੇਂ ਭੱਜੇ ਫਿਰਦੇ ਨੇ। ਜੋ ਮੂੰਹ ਆਏ ਕਹੀ ਜਾਂਦੀਏ।

ਰਾਮ ਆ ਰਹੇ ਨੇ–ਰਾਮ ਆ ਰਹੇ ਨੇ–ਮਾਈ ਸੁਨੇਹੇ ਸੁਨਾਂਦੀ. ਝਾੜੂ ਦੇਂਦੀ ਨੰਬਰਦਾਰ ਚੂਹੜ ਸਿੰਘ ਦੇ ਘਰ ਅਪੜ ਗਈ ਤੇ ਉੱਚੀ ਸਾਰੀ ਬੋਲਾ ਕੀਤਾ:–'ਨੰਬਰਦਾਰਨੀਏ ! ਮੰਜਾ ਵਿਛਾ ਦੇ ਸਤਿਗੁਰ ਆਏ ਕਿ ਆਏ।'

ਬੇਬੇ ਨੰਬਰਦਾਰਨੀ ਹੱਸੀ ਤੇ ਆਖਣ ਲਗੀ.– 'ਅੰਮਾ ! ਧੰਨ ਭਾਗ ਜੇ ਮੇਰੇ ਘਰ ਆਉਣ।' ਉਸ ਭੈਣ ਨੇ ਅਜੇ ਇਹ ਸ਼ਬਦ ਸਮਾਪਤ ਈ ਕੀਤੇ ਸਨ, ਕਿ ਬਾਹਰ ਮੋਟਰ ਦੀ ਘੂਕਰ ਸੁਣਾਈ ਦਿਤੀ। ਸਭ ਨੇ ਕੰਨ ਚੁਕ ਲਏ। ਦਾਨੀ ਵੈਰਾਗਣ ਬਾਹਰ ਦੌੜੀ।

ਗਲੀ ਵਿਚ ਮੋਟਰ ਖੜੀ ਸੀ। ਪਿੰਡ ਦੇ ਨਰ ਨਾਰ ਇਕਠੇ ਹੋ ਗਏ। ਜੈਕਾਰੇ ਗਜਾਏ ਗਏ। ਗ੍ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਮੋਟਰ ਵਿਚੋਂ ਬਾਹਰ ਆਏ। ਸਾਧ ਸੰਗਤ ਚਰਨ ਪਰਸੇ। ਮਾਈ ਦੇ ਕੇਸ ਖੁਲ੍ਹੇ ਸਨ ? ਸ਼ਬਦ ਪੜ੍ਹਦੀ ਆਵੇ:–

ਅੰਙਨਾ ਸੁਹਾਵਾ ਮੇਰਾ।
ਅੰਙਨਾ ਸੁਹਾਵਾ ਮੇਰਾ।

ਮਾਈ ਦੇ ਨੇਤਰ ਸਜਲ ਸਨ। ਵਾਹੋਦਾਹੀ ਅਗ ਵਧੀ ਤੇ ਧੜੰਮ ਕਰਕੇ ਚਰਨਾਂ ਤੇ ਢਹਿ ਪਈ। ਇਕੋ ਰੱਟ ਲਾਈ ਜਾਵੇ ਬਖਸ਼ ! ਬਖਸ਼ !! ਬਖਸ਼ !!!

ਸਤਿਗੁਰਾਂ ਮਿਹਰ ਭਰਿਆ ਬਚਨ ਕੀਤਾ–'ਬੱਸ ! ਬੱਸ !!

ਮਾਈ ਚਰਨਾਂ ਤੋਂ ਉਠੀ ਤੇ ਸਤਿਗੁਰਾਂ ਨੂੰ ਜਫਾ ਮਾਰ ਲਿਆ। ਦਰਸ਼ਕ ਇਹ ਦ੍ਰਿਸ਼ ਵੇਖ ਹੈਰਾਨ ਸਨ, ਕਿ ਦਾਨੀ ਨੂੰ ਕੀ ਹੋ ਗਿਆ ਏ। ਮਗਰ ਸੂਝਵਾਨ ਇਹ ਨਜ਼ਾਰਾ ਵੇਖ, ਧੰਨ ਸਤਿਗੁਰੂ ! ਧੰਨ ਸਤਿਗੁਰੂ !! ਧੰਨ ਸਤਿਗੁਰੂ ਪ੍ਰਤਾਪ ਸਿੰਘ !!! ਕਹਿ ਵਜਦ ਵਿਚ ਆ ਰਹੇ ਸਨ। ਅਲ੍ਹੜ ਭੋਲੇ ਇਨ੍ਹਾਂ ਰਮਜ਼ਾਂ ਨੂੰ ਕੀ ਜਾਨਣ। ਹਾਸ਼ਮ ਐਸੇ ਭੱਦਰ ਪੁਰਸ਼ਾਂ ਨੂੰ ਤਕ ਹੀ ਕਹਿਆ ਸੀ:--

ਮੂਰਖ ਲੋਕ ਸਦਾ ਸੁਖ ਸੌਂਦੇ,
ਰੋਜ਼ ਕਮਾਵਨ ਪੈਸਾ।
ਨ ਕੁਝ ਊਚ, ਨ ਨੀਚ ਪਛਾਨਣ,
ਪ੍ਰੇਮ ਨ ਜਾਣਨ ਕੈਸਾ।

'ਨਿਖਸਮੀਏ ! ਬਹੁਤਾ ਤੰਗ ਨ ਕਰਿਆ ਕਰ। ਕਿੰਨਾਂ ਜ਼ਰੂਰੀ ਕੰਮ ਸੀ ! ਕੋਈ ਵੇਲਾ ਕੁਵੇਲਾ ਵੀ ਵੇਖ ਲਿਆ ਕਰ।'

'ਵੇ ਬੱਚਾ! ਮੈਂ ਨਿਖਸਮੀ ਦੀ ਸੜ ਜਾਏ ਇਹ ਜੀਭ ਜਿਹੜੀ ਅਕਾਲ ਪੁਰਖ ਨੂੰ ਬੱਚਾ ਕਹਿੰਦੀ ਏ, ਪਰ ਸਤਿਗੁਰਾ ! ਤੂੰ ਮੇਰਾ ਹਾਲ ਵੀ ਵੇਖ। ਮੈਂ ਚੀਨੀ ਵਾਲੇ ਦੇ ਲੜ ਲਗੀ ਆਂ, ਮੈਂ ਨਿਖਸਮੀ ਕਿਵੇਂ ? ਖਸਮਾਂ ਨੂੰ ਖਾਣੇ ਖਸਮ ਤਾਂ ਹੱਡ ਚੰਮ ਦੇ ਗਾਹਕ ਹੁੰਦੇ ਨੇ, ਮੇਰੇ ਵਰਗਾ ਪਤੀ ਕਿਸੇ ਭਾਗਾਂ ਵਾਲੇ ਨੂੰ ਮਿਲਦਾ ਏ। ਪਰ ਹੁਣ ਤਾਂ ਤੁਸੀ ਸਭ ਕੁਝ ਓ ! ਕਿਰਪਾ ਕਰਿਆ ਕਰੋ ! ਲੰਮੀਆਂ ਨ ਲਾਇਆ ਕਰੋ।''

'ਜਾ ਬਹੁਤੀਆਂ ਗਲਾਂ ਨਾ ਮਾਰ। ਪ੍ਰਸ਼ਾਦਾ ਛੱਕ।'

ਮੈਂ ਤਦ ਛਕਾਂਗੀ ਜੇ ਪਹਿਲਾਂ ਆਪ ਛਕੋਗੇ। ਤੁਹਾਡੇ ਸੇਵਕ ਤੇ ਤੁਸੀਂ ਪਤਾ ਨਹੀਂ ਕਦੋਂ ਦਾ ਕੁਝ ਛਕਿਆ ਹੋਇਆ ਹੈ, ਜੋ ਮੈਂ ਪਾਪਣ ਲਈ ਆਏ ਹੋ, ਪਰ ਮੈਂ ਕਰਾਂ ਕੀ ਮੇਰੇ ਵਸਦੀ ਗੱਲ ਨਹੀਂ, ਤੇਰੇ ਬਿਨਾਂ ਮੇਟੀ ਦੁਨੀਆਂ ਸੁੰਞੀ ਜਾਪਦੀਏ ਇਹ ਠੰਢ ਵਾ ਤੜਤੀ ਪੀੜਾਂ ਛੇੜਦੀ ਏ। ਸੂਰਜ ਬਾਣ ਮਾਰਦਾ ਏ, ਕੰਧਾਂ ਵੱਢਣ ਪੈਂਦੀਆਂ ਨੇ। ਕੋਠੇ ਦੀਆਂ ਕੜੀਆਂ ਸਪਣੀਆਂ ਦਾ ਰੂਪ ਧਾਰ ਫੁੰਕਾਰੇ ਮਾਰਦੀਆਂ ਨੇ। ਫੇਰ ਤੁਸੀਂ ਦਸੋ ਮੈਂ ਕਿਧਰ ਜਾਵਾਂ ?ਕਿਹੜਾ ਪਾਠ ਪੜ੍ਹਾਂ ?

'ਜਿਹੜਾ ਪਾਠ ਤੂੰ ਪੜ੍ਹਦੀ ਏ, ਉਹ ਤਾਂ ਮੇਰੀ ਮੋਟਰ ਦੇ ਪਹੀਆਂ ਨੂੰ ਬੰਨ੍ਹ ਖਲੋਂਦਾ ਏ। ਏਸ

ਪਾਸਿਓਂ ਦੀ ਲੰਘਾਂ ਤਾਂ ਉਨਾਂ ਚਿਰ ਇਹ ਅਗੇ ਨਹੀਂ ਰਿੜ੍ਹਦੇ ਜਿੰਨ੍ਹਾਂ ਚਿਰ ਤੇਰੇ ਕੋਲੋਂ ਹੋ ਨਹੀਂ ਜਾਏਂ। ਵੇਖ ਅਜ ਅੰਮ੍ਰਿਤ ਵੇਲੇ ਤੋ ਤੂੰ ਪਿਛੇ ਪਈ ਏਂ। ਇਸ ਵਾਸਤੇ ਘੋੜਿਆਂ ਦੀ ਨੀਲਾਮੀ ਛਡ ਛੁਡਾ ਸਰਗੋਧਿਓਂ ਤੁਰਨਾ ਪਇਆ ਏ। ਰਾਹ ਵਿਚ ਪ੍ਰਸ਼ਾਦ ਛਕਣ ਲਗਾ, ਤੂੰ ਉਹ ਵੀ ਛਕਣ ਨਹੀਂ ਦਿਤਾ। ਘੜੀ ਆਰਾਮ ਕਰਨ ਲਗਾ ਤੂੰ ਫੇਰ ਵੀ ਨਹੀਂ ਟਿਕਣ ਦਿਤਾ। ਦੱਸ ਤੂੰ ਹੋਰ ਕੀ ਆਖਦੀ ਏਂ?''

ਮਾਈ ਮੁੜ ਚਰਨਾਂ ਤੇ ਢਹਿ ਪਈ ਤੇ ਬਚਨ ਕੀਤਾ। ''ਪਾਤਸ਼ਾਹੋ! ਇਹ ਤੁਹਾਡੀ ਮਿਹਰ ਏ। ਮੈਂ ਨਿਮਾਣੀ ਕੌਣ? ਹੁਣ ਪ੍ਰਸ਼ਾਦ ਛਕੋ।

ਗ੍ਰੀਬ ਨਿਵਾਜ਼ ਜੀ ਮੰਜੇ ਤੇ ਜਾ ਬੈਠੇ। ਸੇਵਕ ਆ ਆ ਚਰਨ ਪਰਸਦੇ, ਲੰਗਰ ਓਥੇ ਈ ਹੋਇਆ। ਘਰ ਘਰ ਦਾਨੀ ਦੀਆਂ ਗਲਾਂ ਟੁਰ ਪਈਆਂ ਮਾਈ ਬੜੀ ਭਾਗਾਂ ਵਾਲੀ ਏ ਜਿਸਦੀਆਂ ਸਤਿਗੁਰ ਮੰਨਦੇ ਨੇ।

# ਸ਼ਰਧਾ ਗੀਤ!

[ਸ੍ਰੀਮਤੀ ਸਰਦਾਰਨੀ ਲੀਲ੍ਹਾ ਵੰਤੀ ਜੀ, ਦਿਲੀ

ਸਤਿਗੁਰ ਚੀਨੀ ਦਾ ਅਸਵਾਰ ਕੋਈ ਦਸਿਓ ਨੀ।
ਜੀ ਮੈਂ ਦੇਵਾਂ ਤਨ ਮਨ ਵਾਰ ਕੋਈ ਦਸਿਓ ਨੀ।

ਜਸਾ ਸਿੰਘ ਦਾ ਦੁਲਾਰਾ, ਸਦਾ ਕੌਰ ਦੀ ਅੱਖ ਦਾ ਤਾਰਾ,
ਸਾਰੀ ਸੰਗਤ ਦਾ ਸਰਦਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਜ਼ੀ ਮੈਂ ਸੋਭਾ ਸੁਨਕੇ ਆਈ, ਕਿ ਉਸ ਤਾਰੀ ਕੁਲ ਲੁਕਾਈ,
ਮਤੇ ਮੈਨੂੰ ਵੀ ਦੇਵੇ ਤਾਰ, ਕੋਈ ਦਸਿਓ ਨੀ. ਸਤਿਗੁਰੂ ਚੀਨੀ ਦਾ..........।
ਉਹ ਕੰਨ ਵਿਚ ਭਜਨ ਸੁਣਾਵੇ, ਮਾਸ ਸ਼ਰਾਬ ਤੋਂ ਹਟਾਵੇ,
ਪਲ ਵਿਚ ਬੇੜੇ ਕਰਦਾ ਪਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਭੈਣੀ ਸਾਹਿਬ ਗੁਰਾਂ ਦਾ ਦੁਆਰਾ, ਸ੍ਰੀ ਰਾਮਸਰ ਦਾ ਕਿਨਾਰਾ,
ਉਥੇ ਮੋਰਾਂ ਲਾਈ ਬਹਾਰ, ਕੋਈ ਦਸਿਓ ਨੀ. ਸਤਿਗੁਰੂ ਚੀਨੀ ਦਾ..........।
ਉਥੇ ਵਸਦੇ ਮਸਤ ਦੀਵਾਨੇ, ਪੈਲਾਂ ਪਾਂਵਦੇ ਨੇ ਮਸਤਾਨੇ,
ਜਦੋਂ ਜਗਜੀਤ ਵਜਾਵੇ ਤਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਕੀ ਮੈਂ ਵਿਚ ਪ੍ਰਦੇਸਾਂਦੇ ਜਾਵਾਂ, ਕੀ ਮੈਂ ਕਫਨੀ ਗਲ ਵਿਚ ਪਾਵਾਂ,
ਖੁਲ੍ਹੇ ਕੇਸ ਗਲੇ ਵਿਚਕਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਕਰੋ ਵਰਨੀਆਂ ਮਿਲਕੇ ਸਾਰੇ, ਚਲਨ ਨਾਮ ਦੇ ਫਵਾਰੇ,
ਤਾਂ ਮੈਂ ਦੇਵਾਂਗਾ ਦੀਦਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਵਡ ਪ੍ਰਤਾਪੀ ਦਾ ਦੁਲਾਰਾ, ਪਿਆ ਨਾਮ ਜਪਾਂਦਾ ਪਿਆਰਾ,
ਹੁਣ ਤਾਂ ਸੁਣ ਲੋ ਪੁਕਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।
ਭੈਣੀ ਸਾਹਿਬ 'ਚ ਹੋਵੇ ਨਜ਼ਾਰਾ, ਲਾਵੇ ਆਸਾ ਜ। ਦਾ ਵਾਰਾ,
ਲੀਲ੍ਹਾ ਜਾਏ ਬਲਿਹਾਰ, ਕੋਈ ਦਸਿਓ ਨੀ, ਸਤਿਗੁਰੂ ਚੀਨੀ ਦਾ..........।

Namdhari Elibrary NamdhariElibrary@gmail.com

# ਸ੍ਰੀ ਦਸਮੇਸ਼ ਪਿਛੋਂ

[ਸੰਤ ਸ਼ਰਧਾ ਸਿੰਘ ਜੀ ਨਿਮਾਣਾ ਕਰੀਵਾਲਾ

ਸ੍ਰੀ ਦਸਮੇਸ਼ ਪਿਛੋਂ ਖਾਲਸਾ ਫਰੰਟ ਹੋਇਆ, ਰਾਹ ਛਡ ਸਚਦਾ ਕੁਰਾਹ ਆਨ ਮਲਿਆ।
ਭ੍ਰਸਟਾਈ ਚਾਰ ਵਿਚ ਲਗ ਗਏ ਸਿਖ ਸਭ, ਜਪ ਤਪ ਸਤ ਵਲੋਂ ਉਕਾ ਮਨ ਹਲਿਆ।

ਸਿਖਾਂ ਮੰਦਾ ਬਾਨਾ ਵੇਖ ਗਊਆਂ ਭੀ ਖੁੰਦੀਆ ਨੇ, ਰਖੇ ਕੋਈ ਸਾਨੂੰ ਨੀਰ ਅਖੀਆਂ ਚੋਂ ਚਲਿਆ।
ਆਧ ਤੇ ਬਿਆਧ ਵਾਲਾਹੜ੍ਹ ਠਾਠਾਂ ਮਾਰ ਰਿਹਾ, ਬਿਨਾ ਰਬੀ ਜੋਤ ਤੋ ਨਾ ਜਾਵਦਾਂ ਹੈ ਠਲਿਆ।

ਧਰਮ ਰੂਪ ਧਰਤੀ ਪਈ ਰੋਇਕੇ ਪੁਕਾਰ ਕਰੇ, ਅਕ੍ਰਿਤਘਨਾਂ ਪਾਪਾਂ ਦਾ ਨਾ ਭਾਰ ਜਾਵੇ ਝਲਿਆ।
ਸੁਣੀ ਹੈ ਪੁਕਾਰ ਦਾਤਾਰ ਪ੍ਰਭ ਪਾਤਸ਼ਾਹ ਨੇ, ਰਾਮ ਸਿੰਘ ਨਾਮ ਰਖ ਜਗ ਵਿਚ ਘਲਿਆ।

# ਪਲੇ ਵਛੋੜੇ ਦੀ ਰਾਸ ਪੈ ਗਈ

[ਸ੍ਰੀ ਗੁਲਜ਼ਾਰ ਸਿੰਘ ਜੀ ਬਿਰਹੀ, ਪਵਾਰ

ਆਈ ਰੁਤ ਬਸੰਤ ਦੇ ਫੁਲ ਲੈਕੇ ਘਰ ਤਤੀ ਦੇ ਤਾਕੀਆਂ ਵਜੀਆਂ ਨੇ।
ਮੈਨੂੰ ਦਿਸਦਾ ਜਗ ਹਨੇਰ ਹੋਇਆ ਘਰੀਂ ਘਰੀਂ ਦੀਵਾਲੀਆਂ ਜਗੀਆਂ ਨੇ।

ਸਭੇ ਆਂਵ ਗੁਆਵਨਾਂ ਗਾਣ ਸੋਹਲੇ ਸਈਆਂ ਨਾਲ ਸਈਆਂ ਵਾਹਵਾ ਫਬੀਆਂ ਨੇ।
ਜਾਨੀ ਬਾਹਝ ਨਾਂ ਜਾਨ ਵਿਚ ਜਾਨ ਆਵੇ ਬਲ ਬਲ ਦਿਲ ਤੋਂ ਨਿਕਲਣ ਭਬੀਆਂ ਨੇ।

ਮੈਨੂੰ ਆਖਿਆ ਪੀਆ ਨੇਂ ਫੇਰ ਆਵਾਂ ਲੋਕੀਂ ਆਖਦੇ ਹੋ ਗਈਆਂ ਠਗੀਆਂ ਨੇ,
ਆਸਾਂ ਟੁਟੀਆਂ ਦਿਲਾਂ ਦੇ ਬੁਰਜ ਢੈ ਪਏ ਤੋਪਾਂ ਗਮਾਂ ਦੀਆਂ ਜਹੀਆਂ ਦਗੀਆਂ ਨੇ,

ਸੁਕਾ ਚੰਮ ਤੇ ਰੰਗ ਵਸਾਰ ਹੋਇਆ ਅਤੇ ਆਨੀਆਂ ਬਗੀਆਂ ਬਗੀਆਂ ਨੇ।
ਅਜੇ ਫਰਕਦੇ ਪਥਰਾਂ ਵਾਂਗ ਡੇਲੇ ਅਖਾਂ ਸੁਕ ਗਈਆ ਤਾੜੇ ਲਗੀਆਂ ਨੇ।

ਭਾਵੇਂ ਨਿਕਲ ਜਾਏ ਜਾਨ ਵਜੂਦ ਵਿਚੋਂ ਤਾਂਘਾਂ ਤੇਰੀਆਂ ਰੈਹਣੀਆਂ ਦਬੀਆਂ ਨੇ।
'ਬਿਰਹੀ' ਪਲੇ ਵਛੋੜੇ ਦੀ ਰਾਸ ਪੈ ਗਈ ਕਲਮਾਂ ਧੁਰੋਂ ਵੀ ਪੁਠੀਆਂ ਵਜੀਆਂ ਨੇ।

Namdhari Elibrary NamdhariElibrary@gmail.com

# ਅੱਜ ਅਵਤਾਰ ਗੁਰੂ ਰਾਮ ਸਿੰਘ ਧਾਰਿਆ

[ਵਲੋਂ—ਸ੍ਰੀਮਾਨ ਮਹੰਤ ਪ੍ਰਤਾਪ ਸਿੰਘ ਜੀ,
ਮਹਾਵੈਦਯ, ਸੰਪਾਦਿਕ ਨਿਰਮਲ ਪ੍ਰਕਾਸ਼

ਪ੍ਰਿਥਵੀ ਦੇ ਉਤੇ ਜਦੋਂ ਦੁਰਜਨਾਨੇ ਜੋਰ ਪਾਇਆ, ਅਵਨੀਨੇ ਪ੍ਰਭੂ ਅਗੇ ਜਾਇਕੇਪੁਕਾਰਿਆ।
ਦੁਸ਼ਟਾਂਨੇ ਮੇਰੇ ਉਤੇ ਜੁਲਮ ਪਹਾੜ ਸੁਟੇ, ਰਾਜੇ ਮਹਾਰਾਜਿਆਂ ਕਸਾਈ ਰੂਪ ਧਾਰਿਆ।
ਸੰਤ ਤ੍ਰਿਸਕਾਰ ਅਤੇ ਪਾਪੀ ਸਤਕਾਰ ਹੋਵੇ, ਧਰਮ ਕਰਮ ਨੇਮ ਸਭਨੇ ਬਿਸਾਰਿਆ।
ਨਾਮ ਦੇ ਜਪਾਣ ਲਈ ਧਰਮ ਬਚਾਣ ਲਈ ਅਜ ਅਵਤਾਰ ਗੁਰੂ ਰਾਮ ਸਿੰਘ ਧਾਰਿਆ।

—:o:—

ਗੁਰੂ ਦਸਮੇਸ਼ ਮ੍ਰਯਾਦਾ ਸਭ ਭੁਲ ਜਾਂਦੇ, ਗੁਰੂ ਰਾਮ ਹਰੀ ਅਵਤਾਰ ਜੇ ਨਾ ਧਾਰਦੇ।
ਸੁਚ. ਸੋਧ. ਯੱਗ. ਹੋਮ. ਨਾਮ. ਇਸ਼ਨਾਨ. ਦਾਨ. ਕਨੂ ਜੀਵਬ੍ਰਿੰਦ ਸੁਭ ਰੀਤੀਆਂ ਬਿਸਾਰਦੇ।
ਆਦ ਗੁਰ ਦੇਵ ਦੀ ਚਲਾਈ ਰੀਤ ਮਿਟਜਾਂਦੀ ਵੇਦ ਔ ਪੁਰਾਨਨ ਕੋ ਕਦਭੀ ਨਾ ਉਚਾਰਦੇ।
ਕਾਮ. ਕ੍ਰੋਧ.ਲੋਭ.ਮੋਹ. ਹੰਗਤਾਦੇ ਰੋਗੀਆ ਨੂੰ ਚੀਨੀ ਵਾਲੇ ਗੁਰੂ ਬਿਨਾ ਹੋਰ ਕੌਣ ਤਾਰਦੇ।

—:o:—

ਹੋਇਕੇ ਦਿਆਲ ਸ੍ਰੀ ਪੁਰਖ ਅਕਾਲ ਜੀ ਨੇ, ਰਾਮ ਮ੍ਰਗੇਸ ਗਰੂ ਬਾਹਰਵੇਂ ਨੂੰ ਘੱਲਿਆ।
ਘੋਰ ਪਾਪ ਦੂਰ ਕਰ ਰਾਮ ਰਾਜ ਫੈਲ ਗਿਆ ਧਰਮ ਨੇ ਦੁਨੀਆਂ ਦਾ ਬੂਹਾ ਆਕੇ ਮੱਲਿਆ।
ਭਾਂਬੜ ਜੋ ਮੱਚਦੇ ਸੀ ਸਾਰੇ ਸੰਸਾਰ ਉਤੇ ਜਿਨਾਂ ਵਾਲਾ ਦੁਖ ਨਹੀ ਜਾਂਵਦਾ ਸੀ ਝਲਿਆ।
ਕਲਜੁਗ ਵਿਚ ਆਪ ਸਤਿਜੁਗ ਲਾਇ ਦਿਤਾ ਖੰਭ ਲਾਕੇ ਉਡਾ ਜਾਂਦਾ ਧਰਮ ਸੀ ਠਲਿਆ।

—:o:—

ਸਚ ਖੰਡ ਜਾਣ ਪੈਹਲੋਂ ਰਾਮ ਮ੍ਰਿਗਿੰਦ ਜੀ ਨੇ ਗੁਰੂ ਹਰੀ ਹਰ ਜੋਤ ਆਪਣੀ ਜਗਾਈ ਸੀ।
ਹਰੀ ਹਰ ਗੁਰੂ ਜੀ ਨੇ ਗੁਰੂ ਪ੍ਰਤਾਪ ਮਾਂਹਿ ਸ਼ਕਤੀ ਸੀ ਓਹੀ ਭਿੰਨ ਕਾਇਆਂ ਪਲਟਾਈ ਸੀ।
ਤਿੰਨ ਲੋਕ ਦਸੋ ਦਿਸ ਚੌਦਾਂ ਭਵਨਾਂ ਦੇ ਵਿਚ ਏਕਾ ਦੂਆ ਗ਼ੁਠਾ ਵਾਲੀ ਰੀਤ ਪ੍ਰਗਟਾਈ ਸੀ।
ਗੁਰੂ ਪ੍ਰਤਾਪ ਦਾ ਪ੍ਰਤਾਪ ਸਾਰੇ ਫੈਲਿਆ ਸੀ ਸਚ ਖੰਡ ਜਾਣ ਮਰਯਾਦਾ ਦ੍ਰਿੜਾਈ ਸੀ।

—:o:—

ਓਹੀ ਜੋਤ ਓਹੀ ਕਰਾਮਾਤ ਓਹਾ ਜੁਗਤ ਸਭ ਕਾਇਆ ਬਦਲਾਕੇਜਗਜੀਤ ਗੁਰੂ ਆਏ ਹੈਂ।
ਗੱਦੀ ਗੁਰੂ ਰਾਮ ਜੀ ਦੀ ਉਤੇ ਸੋਭਾ ਪਾਂਵਦੇ ਨੇ ਪਿੱਛੇ ਗੁਰੂ ਕਰੇ ਉਹੀ ਆਪ ਹੀ ਕਰਾਏ ਹੈਂ।
ਨਾਮਧਾਰੀ ਪੰਥ ਸੰਦੇ ਬੇੜੇ ਦੇ ਮਲਾਹ ਹੈਨ, ਗੁਰੂ ਜਗਜੀਤ ਧਾਰ ਅਵਤਾਰ ਆਏ ਹੈਂ।
ਬਾਰ ਬਾਰ ਮੇਰੀ ਪ੍ਰਣਾਮ ਐਸੇ ਗੁਰੂ ਤਾਈਂ, ਭਨੇ ਮਹਾਵੈਦ ਜਸ ਅਲਪ ਹੀ ਗਾਏ ਹੈਂ।

**ਗਲਤੀ ਦੀ ਸੋਧ**-ਪਹਿਲੇ ਸਫੇ ਤੇ ਪਹਿਲੇ ਕਾਲਮ ਦੀ ਚੌਥੀ ਲਾਈਨ ਤੋਂ ਚਮ ਲਫਜ਼ ਗਲਤੀ ਨਾਲ ਛਪ ਗਿਆ ਹੈ। ਪਾਠਕ ਜਨ ਝੰਡਾ ਲਹਿਰਾਇਆ ਗਿਆ ਪੜ੍ਹਨ।

(ਮੈਨੇਜਰ

Namdhari Elibrary NamdhariElibrary@gmail.com

# ਗੀਤ

[ਸ੍ਰੀ ਦਲਬੀਰ ਸਿੰਘ ਜੀ 'ਤਰਸ'

ਗਲ ਵਿਚ ਗਾਨੀ ਯਾਦਾਂ ਦੀ ।
ਦਿਲ ਪੀੜ ਭਰੀ ਫ਼ਰਿਆਦਾਂ ਦੀ ।
ਵਾਜ ਸੁਣੇ ਤੇਰੇ ਨਾਦਾਂ ਦੀ ।
ਅਸੀਂ ਦੇਰ ਦੇ ਖੜੇ,
ਅਤੀ ਪਿਆਸੇ, ਸਾਜਨ ਜੀ !
ਪਿਆਸੜੇ ਬੜੇ;
ਅਸੀਂ ਦੇਰ ਦੇ ਖੜੇ ।

ਹਿੰਝੂ ਟਪਕੇ ਤਰੇਲਾਂ ਬਣੀਆਂ ।
ਰੱਤ ਸੁੱਕੀ ਤੇ ਨਾਗਣ ਮਣੀਆਂ ।
ਹਾਵੇ ਝੁਲਗੇ ਘਟਾਂ ਨੇ ਘਣੀਆਂ ।
ਕਿਧਰੇ ਪੈਣ ਵੇ ਗੜੇ,
ਅਤੀ ਪਿਆਸੇ, ਸਾਜਨ ਜੀ ।
ਪਿਆਸੜੇ ਬੜੇ,
ਅਸੀਂ ਦੇਰ ਦੇ ਖੜੇ ।

ਵਾਲ ਹਲਾਵਾਂ ਉਡਣ ਵਰੋਲੇ ।
ਮੰਦਰ ਪਾਵਾਂ ਰਹਿੰਦੇ ਖੋਲੇ ।
ਨਾਮ ਲਵਾਂ ਤੇਰਾ, ਵਿਹ ਹੀ ਘੋਲੇ ।
ਕਦੇ ਤਾਂ ਚੀਖ ਕੇ ਲੜੇ ।
ਅਤੀ ਪਿਆਸੇ; ਸਾਜਨ ਜੀ:
ਪਿਆਸੜੇ ਬੜੇ;
ਅਸੀਂ ਦੇਰ ਦੇ ਖੜੇ ।

ਸੂਰਜ ਲਈ ਨਿਤ ਟੁਕ ਪਕਾਵਾਂ ।
ਰਾਤ ਪਈ ਤੇ ਕੋਲ ਬੁਲਾਵਾਂ ।
ਪੱਖੀਆਂ ਝੱਲ ਖੁਆਵਾਂ ।
ਤੇਰੇ ਦੇਸ਼ ਤੇ ਪੜੇ ।
ਅਤੀ ਪਿਆਸੇ, ਸਾਜਨ ਜੀ ।
ਪਿਆਸੜੇ ਬੜੇ;
ਅਸੀਂ ਦੇਰ ਦੇ ਖੜੇ ।

Namdhari Elibrary NamdhariElibrary@gmail.com